# ECHO OF HIS CALL

## ਬੁਲਾਵੇ ਦੀ ਗੂੰਜ

PUNJABI

₹ 10/-

India's National Spiritual Newspaper

REACHING NATIONS

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Bro. ASHISH RAMESH BALDHARI

VOL. XXIII | MAY 2023 | No. 12


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਜ਼ਬੂਰ 32:1-8

1 ਧੰਨ ਹੈ ਉਹ ਜਿਹ ਦਾ ਅਪਰਾਧ ਖਿਮਾ ਹੋ
ਗਿਆ, ਜਿਹ ਦਾ ਪਾਪ ਢੱਕਿਆ ਹੋਇਆ ਹੈ।
2 ਧੰਨ ਹੈ ਉਹ ਆਦਮੀ ਜਿਹ ਦੀ ਬਦੀ
ਯਹੋਵਾਹ ਉਹ ਦੇ ਲੇਖੇ ਨਹੀਂ ਲਾਉਂਦਾ, ਅਤੇ
ਜਿਹ ਦੇ ਆਤਮਾ ਵਿੱਚ ਕਪਟ ਨਹੀਂ॥
3 ਜਦ ਮੈਂ ਚੁਪ ਕਰ ਰਿਹਾ ਮੇਰੀਆਂ ਹੱਡੀਆਂ
ਸਾਰਾ ਦਿਨ ਹੂੰਗਣ ਨਾਲ ਗਲ ਗਈਆਂ,
4 ਕਿਉਂ ਜੋ ਤੇਰਾ ਹੱਥ ਦਿਨੇ ਰਾਤ ਮੇਰੇ ਉੱਤੇ
ਭਾਰਾ ਸੀ, ਮੇਰੀ ਤਰੀ ਗਰਮੀ ਦੀ ਔੜ ਵਿੱਚ
ਬਦਲ ਗਈ ॥ਸਲਹ॥
5 ਮੈਂ ਤੇਰੇ ਅੱਗੇ ਆਪਣੇ ਪਾਪ ਦਾ ਇਕਰਾਰ
ਕੀਤਾ, ਅਤੇ ਆਪਣੀ ਬਦੀ ਨਹੀਂ ਲੁਕਾਈ।
ਮੈਂ ਆਖਿਆ ਕਿ ਮੈਂ ਆਪਣੇ ਅਪਰਾਧਾਂ ਨੂੰ
ਯਹੋਵਾਹ ਦੇ ਅੱਗੇ ਮੰਨ ਲਵਾਂਗਾ, ਤਾਂ ਤੈਂ ਆਪ
ਮੇਰੇ ਪਾਪ ਦੀ ਬਦੀ ਨੂੰ ਚੁੱਕ ਲਿਆ॥ ਸਲਹ॥
6 ਇਸ ਕਰਕੇ ਹਰ ਇੱਕ ਸੰਤ ਤੇਰੇ ਲੱਭ ਪੈਣ
ਦੇ ਵੇਲੇ ਤੇਰੇ ਅੱਗੇ ਪ੍ਰਾਰਥਨਾ ਕਰੇ, ਸੱਚ ਮੁੱਚ
ਜਦ ਵੱਡੇ ਪਾਣੀਆਂ ਦੇ ਹੜ੍ਹ ਆਉਣ, ਤਾਂ ਓਹ
ਉਸ ਤੋੜੀ ਕਦੇ ਨਹੀਂ ਅੱਪੜਨਗੇ।
7 ਤੂੰ ਮੇਰੇ ਲੁਕਣ ਦਾ ਥਾਂ ਹੈਂ, ਤੂੰ ਮੈਨੂੰ ਤੰਗੀ ਤੋਂ
ਬਚਾ ਰੱਖੇਂਗਾ, ਤੂੰ ਮੈਨੂੰ ਛੁਟਕਾਰੇ ਦੇ
ਲਲਕਾਰਿਆਂ ਨਾਲ ਘੇਰੇਂਗਾ॥ਸਲਹ॥
8 ਮੈਂ ਤੈਨੂੰ ਸਮਝ ਦੇਵਾਂਗਾ, ਅਤੇ ਜਿਸ ਰਾਹ
ਉੱਤੇ ਤੈਂ ਚੱਲਣਾ ਹੈ ਤੈਨੂੰ ਸਿਖਾਵਾਂਗਾ, ਤੇਰੇ
ਉੱਤੇ ਨਿਗਾਹ ਰੱਖ ਕੇ ਤੈਨੂੰ ਸਲਾਹ
ਦਿਆਂਗਾ।

# ਅੰਮ੍ਰਿਤ ਵੇਲੇ!

## AT THE BREAK OF DAWN!

### ਸਿਸ. ਏਂਜਲੀਨ ਸੇਲਵਾਕੁਮਾਰੀ



ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਨਾਮ ਵਿੱਚ ਸ਼ੁਭਕਾਮਨਾਵਾਂ। ਬੁਲਾਵੇ ਦੀ ਗੂੰਜ ਮੈਗਜ਼ੀਨ ਰਾਹੀਂ ਤੁਹਾਡੇ ਨਾਲ ਮਿਲ ਕੇ ਬਹੁਤ ਖੁਸ਼ੀ ਹੋਈ। ਉਸ ਦੀ ਵਫ਼ਾਦਾਰੀ ਬਹੁਤ ਮਹਾਨ ਹੈ ਜਿਸ ਨੇ ਹੁਣ ਤੱਕ ਸਾਡੀ ਅਗਵਾਈ ਕੀਤੀ ਹੈ ਅਤੇ ਅੱਗੇ ਵੀ ਸਾਨੂੰ ਲੈ ਕੇ ਚ1ਲਦਾ ਰਹੇਗਾ!

ਪ੍ਰਮੇਸ਼ਵਰ ਉਹ ਦੇ ਵਿੱਚ ਹੈ, ਉਹ ਨਾ ਡੋਲੇਗਾ, ਪਰਮੇਸ਼ੁਰ ਅੰਮ੍ਰਿਤ ਵੇਲੇ ਉਹ ਦੀ ਸਹਾਇਤਾ ਕਰੇਗਾ– ਜ਼ਬੂਰ 46:5।

ਇਹ ਇੱਕ ਸੁੰਦਰ ਵਾਅਦਾ ਹੈ। ਹਾਲਾਂਕਿ, ਜਿਸ ਸਥਿਤੀ ਵਿੱਚ ਇਹ ਵਾਅਦਾ ਕੀਤਾ ਗਿਆ ਹੈ ਉਹ ਬਹੁਤ ਮਹੱਤਵਪੂਰਨ ਹੈ। ਆਓ ਜ਼ਬੂਰਾਂ ਦੀ ਪੋਥੀ 46:2 ਨੂੰ ਦੇਖੀਏ। ਇੱਥੇ ਲਿਖਿਆ ਹੈ,

1. ਧਰਤੀ ਹਿੱਲ ਗਈ
2. ਪਹਾੜਾਂ ਨੂੰ ਸਮੁੰਦਰ ਦੇ ਵਿਚਕਾਰ ਸੁੱਟੇ ਗਏ
3. ਪਾਣੀ ਗਰਜਿਆ ਅਤੇ ਉਸਨੇ ਝੱਗ ਛੱਡੀ
4. ਪਹਾੜ ਹਿੱਲ ਗਏ

ਇਸ ਤਰ੍ਹਾਂ, ਜਦੋਂ ਹਰ ਚੀਜ਼ ਹਿੱਲ ਰਹੀ ਸੀ, ਡੋਲ ਰਹੀ ਸੀ, ਅਤੇ ਬੇਚੈਨ ਸੀ, ਬਾਈਬਲ ਕਹਿੰਦੀ ਹੈ, ਪਰਮੇਸ਼ੁਰ ਇਸ ਸਭ ਦੇ ਵਿਚਕਾਰ ਸੀ! ਇੱਥੋਂ ਤੱਕ ਕਿ ਜਦੋਂ ਸਾਡੇ ਆਲੇ ਦੁਆਲੇ ਹਰ ਚੀਜ਼ ਡੋਲ ਰਹੀ ਹੈ, ਅਸੀਂ ਨਹੀਂ ਡੋਲਾਂਗੇ। ਪ੍ਰਮੇਸ਼ਵਰ ਸਾਰੀ ਹਿੱਲ-ਜੁੱਲ, ਬੇਚੈਨੀ ਅਤੇ ਤੂਫਾਨਾਂ ਦੇ ਵਿਚਕਾਰ ਹੈ। ਉਹ ਅੰਮ੍ਰਿਤ ਵੇਲੇ ਸਾਡੀ ਮਦਦ ਕਰੇਗਾ। ਕਿਉਂਕਿ ਪ੍ਰਮੇਸ਼ਵਰ ਭਲਾ ਹੈ! ਜੋ ਵੀ ਉਹ ਕਰਦਾ ਹੈ ਭਲਾ ਕਰਦਾ ਹੈ! ਉਹ ਅਸੰਭਵ ਗੱਲਾਂ ਦਾ ਪ੍ਰਮੇਸ਼ਵਰ ਹੈ।

ਉਹ ਸਾਰੀਆਂ ਚੀਜ਼ਾਂ ਜਿਨ੍ਹਾਂ ਨਾਲ ਤੁਸੀਂ ਸੰਘਰਸ਼ ਕਰ ਰਹੇ ਹੋ, ਲੜ ਰਹੇ ਹੋ, ਉਹ ਸਾਰੀਆਂ ਪ੍ਰਾਰਥਨਾਵਾਂ ਜਿਨ੍ਹਾਂ ਦਾ ਜਵਾਬ ਮਿਲਣਾ ਅਜੇ ਬਾਕੀ ਹੈ, ਉਹ ਚੀਜ਼ਾਂ ਜਿਨ੍ਹਾਂ ਨੇ ਤੁਹਾਨੂੰ ਬੰਧਨ

(ਚਲਦਾ ਸਫਾ 3-)


ਬੁਲਾਵ ਦੀ ਗੂੰਜ



## ਮਸੀਹੀ ਯੂ-ਟਯੂਬ ਚੈਨਲ

ਪਾ. ਸੈਮ ਸੇਲਵਾ ਰਾਜ ਨਾਲ ਨਿੱਜੀ ਤੌਰ 'ਤੇ ਪ੍ਰਾਰਥਨਾ ਕਰ ਸਕਦੇ ਹੋ।

5 ਮਿੰਟ ਦੇ ਸੰਦੇਸ਼!!

ਅੰਗ੍ਰੇਜ਼ੀ ਅਤੇ ਹਿੰਦੀ ਤਮਿਲ ਅਤੇ ਤੇਲਗੂ

ਰੋਜਾਨਾ ਸਵੇਰੇ 5 ਵਜੇ

ਐਤਵਾਰ ਦੀ ਤਮਿਲ ਸਭਾ ਸਵੇਰੇ 8:30 ਵਜੇ

# ECHO OF HIS CALL - (1969-2019 GOLDEN JUBILEE YEAR)

## from your dearly beloved brother...

REACHING NATIONS






### ਸਾਡੀ ਮਿਸ਼ਨ ਨੀਤੀ

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ

**CHIEF EDITOR**
Angeline Selvakumari Henry, M.A., M.Ed.

**MANAGING EDITOR**
Pastor Alex Samson Sam, B.Th., M.Div.

**ADMINISTRATION**
Bro. N. Prakasam, M.A., General Manager

**EDITORIAL BOARD**
Sis. Jesy Veena Sam
Sis. Serena Bevin, M.A., M.Phil., B.Ed.
Dr. A. Richard Samuel, M.A., Ph.D.
Rev. Dr. K.R. Rajasekaran

**EDITOR, PUBLISHER & PRINTER**
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 95661 31858

**CORE LEADERS**
Bro. K. Puratchivendan
Dr. Rabinder Boaz, M.S.
Bro. A. Edward Durai
Bro. A. Alvin
Bro. K. Abraham
Sis. Dhanalakshmi Chinnaiah

**E.mail ID**
sam@echoofhiscall.org
biblecor@yahoo.co.in

**WEBSITES**
www.echoofhiscall.org
www.stpaulsmatriculation.com

**YOUTUBE CHANNEL**
Echo of His Call

### "ਯਹੋਵਾਹ ਦੇ ਵਿਸ਼ਵਾਸੀ ਨੂੰ ਦਯਾ ਘੇਰੀ ਰੱਖੇਗੀ"
### (ਜ਼ਬੂਰਾਂ ਦੀ ਪੋਥੀ 32:10)

ਪਿਆਰੇ ਭਰਾਵੋ ਅਤੇ ਭੈਣੋ,
ਸਾਡੇ ਪ੍ਰਭੂ ਅਤੇ ਮੁਕਤੀਦਾਤੇ ਯਿਸੂ ਮਸੀਹ ਦੇ ਮਿੱਠੇ ਨਾਮ ਵਿੱਚ ਤੁਹਾਨੂੰ ਸ਼ੁਭਕਾਮਨਾਵਾਂ।

ਪ੍ਰਭੂ ਯਿਸੂ ਮਸੀਹ ਸਾਡੀ ਸੇਵਕਾਈ ਦੇ ਸਾਰੇ ਖੇਤਰਾਂ ਵਿੱਚ ਸਾਡੇ ਲਈ ਚੰਗਾ ਰਿਹਾ ਹੈ। ਮਈ ਵਿੱਚ ਗਰਮੀਆਂ ਦੀਆਂ ਛੁੱਟੀਆਂ ਲਈ ਸਾਰੇ ਵਿਦਿਅਕ ਅਦਾਰੇ ਬੰਦ ਰਹਿਣਗੇ। ਇਸ ਲਈ ਆਉ ਅਸੀਂ ਇਹਨਾਂ ਦਿਨਾਂ ਦੀ ਵਰਤੋਂ ਸਥਾਨਕ ਚਰਚਾਂ ਵਿੱਚ ਸ਼ਾਮਲ ਹੋ ਕੇ ਅਤੇ ਪਰਮੇਸ਼ੁਰ ਦੇ ਰਾਜ ਦਾ ਵਿਸਥਾਰ ਅਤੇ ਕੁਝ ਸੁਸਮਚਾਰ ਦੇ ਕੰਮ ਕਰਨ ਲਈ ਕਰੀਏ।

ਜਦੋਂ ਅਸੀਂ ਸੰਸਾਰ ਨੂੰ ਦੇਖਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਨੌਜਵਾਨ ਲੜਕੇ ਅਤੇ ਲੜਕੀਆਂ ਚਰਚ ਦੀਆਂ ਸੇਵਾਵਾਂ ਅਤੇ ਸੇਵਕਾਈ ਦੀਆਂ ਗਤੀਵਿਧੀਆਂ ਤੋਂ ਪਰਹੇਜ਼ ਕਰਕੇ ਪਰਮੇਸ਼ੁਰ ਤੋਂ ਦੂਰ ਜਾ ਰਹੇ ਹਨ। ਇਹ ਸਾਰੀ ਦੁਨੀਆ ਵਿੱਚ ਹੋ ਰਿਹਾ ਹੈ। ਮਾਤਾ-ਪਿਤਾ ਅਤੇ ਚਰਚ ਪ੍ਰਸ਼ਾਸਨ ਇਸ ਵਿੱਚ ਬਹੁਤਾ ਕੁਝ ਕਰਨ ਵਿੱਚ ਅਸਮਰੱਥ ਹਨ।

ਸੋ, ਇਸ ਮੌਕੇ ਦੀ ਵਰਤੋਂ ਕਰਕੇ, ਦੁਨਿਆਵੀ ਲੋਕ, ਰਾਜਨੇਤਾ ਅਤੇ ਪ੍ਰਮੇਸ਼ਵਰ ਦੇ ਅਖੌਤੀ ਸੇਵਕ ਜੋ ਗੈਰ-ਸਿਹਤਮੰਦ ਸਿਧਾਂਤਾਂ ਦਾ ਪ੍ਰਚਾਰ ਕਰਦੇ ਹਨ, ਨੌਜਵਾਨਾਂ ਨੂੰ ਫੜ ਕੇ ਇਸ ਸੰਸਾਰ ਦੇ ਗਲਤ ਤਰੀਕਿਆਂ ਨਾਲ ਸਿਖਲਾਈ ਦਿੰਦੇ ਹਨ। ਚਰਚਾਂ ਵਿੱਚ ਨੌਜਵਾਨ ਮੁੰਡੇ ਕੁੜੀਆਂ ਦੀ ਹਾਜ਼ਰੀ ਘਟਦੀ ਜਾ ਰਹੀ ਹੈ। ਇਹ ਬਹੁਤ ਦਰਦਨਾਕ ਹੈ। ਭਾਵੇਂ ਪਰਿਵਾਰ ਦੇ ਸੀਨੀਅਰ ਮੈਂਬਰ ਉਨ੍ਹਾਂ ਨੂੰ ਰੱਬ ਦੀ ਇਲਾਹੀ ਛਾਂ ਹੇਠ ਰੱਖਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਉਹ ਪ੍ਰਮੇਸ਼ਵਰ ਦੇ ਰਾਹਾਂ ਨੂੰ ਨਜ਼ਰਅੰਦਾਜ਼ ਕਰਕੇ ਆਪਣੀ ਮਰਜ਼ੀ ਅਨੁਸਾਰ ਕੰਮ ਕਰਨਾ ਚਾਹੁੰਦੇ ਹਨ।

ਇਸ ਲਈ ਇਹ ਉਹ ਸਮਾਂ ਹੈ ਕਿ ਈਸਾਈ ਮਾਪਿਆਂ ਅਤੇ ਆਗੂਆਂ ਨੇ ਬਹੁਤ ਪ੍ਰਾਰਥਨਾ ਕੀਤੀ ਹੈ ਅਤੇ ਪ੍ਰਭੂ ਨੂੰ ਦੁਨੀਆ ਭਰ ਦੇ ਬੱਚਿਆਂ ਅਤੇ ਨੌਜਵਾਨਾਂ ਵਿੱਚ ਇੱਕ ਬੇਦਾਰੀ ਭੇਜਣ ਲਈ ਦਬਾਅ ਪਾਇਆ ਹੈ। ਅਸੀਂ ਪ੍ਰਮੇਸ਼ਵਰ ਦੇ ਲੋਕਾਂ ਦੀ ਇੱਕ ਛੋਟੀ ਜਿਹੀ ਟੀਮ ਬਣਾਈ ਹੈ ਜਿਸਦਾ ਬੋਝ ਵੀ ਇਹੀ ਹੈ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੱਤੀ ਹੈ। ਤੁਸੀਂ ਬੱਚਿਆਂ ਅਤੇ ਨੌਜਵਾਨ ਲੜਕੇ ਅਤੇ ਲੜਕੀਆਂ ਦੇ ਨਾਮ ਭੇਜ ਕੇ ਸਾਡੀ ਮਦਦ ਕਰ ਸਕਦੇ ਹੋ, ਤਾਂ ਜੋ ਅਸੀਂ ਉਨ੍ਹਾਂ ਨੂੰ ਕਿਰਪਾ ਦੇ ਸਿੰਘਾਸਣ ਅੱਗੇ ਉੱਚਾ ਕਰ ਸਕੀਏ। ਇਸ ਦੇ ਲਈ ਤੁਹਾਨੂੰ ਕੋਈ ਪੈਸਾ ਭੇਜਣ ਦੀ ਲੋੜ ਨਹੀਂ ਹੈ। ਇਸਦੀ ਬਜਾਏ ਤੁਸੀਂ ਸਾਡੇ ਨਾਲ ਮਿਲਕੇ ਪ੍ਰਾਰਥਨਾ ਵੀ ਕਰ ਸਕਦੇ ਹੋ ਅਤੇ ਨੌਜਵਾਨਾਂ ਅਤੇ ਬੱਚਿਆਂ ਦੀ ਦੇਖਭਾਲ ਲਈ ਇਸ ਸੰਸਾਰ ਪੱਧਰੀ ਦਰਸ਼ਨ ਦਾ ਹਿੱਸਾ ਬਣ ਸਕਦੇ ਹੋ। ਅਸੀਂ ਇਸ ਸਬੰਧ ਵਿੱਚ ਤੁਹਾਡੇ ਵਿਚਾਰ ਮੰਗਦੇ ਹਾਂ।

ਅਸੀਂ ਰਾਤ 10.00 ਵਜੇ ਦਾ ਸਮਾਂ ਤੈਅ ਕੀਤਾ ਹੈ ਜਦੋਂ ਹਰ ਦਿਨ ਸਾਰੀਆਂ ਕੌਮਾਂ ਦੇ ਬੱਚਿਆਂ ਅਤੇ ਨੌਜਵਾਨਾਂ ਲਈ ਪ੍ਰਾਰਥਨਾ ਕੀਤੀ ਜਾਵੇਗੀ। ਤੁਸੀਂ ਆਪਣੇ ਦੇਸ਼ ਦੇ ਸਮੇਂ ਅਨੁਸਾਰ ਰਾਤ 10.00 ਵਜੇ ਪ੍ਰਾਰਥਨਾ ਕਰ ਸਕਦੇ ਹੋ।

ਅਸੀਂ ਜਾਣਦੇ ਹਾਂ ਕਿ ਜਦੋਂ ਪਰਮੇਸ਼ੁਰ ਦੇ ਲੋਕ ਕਿਸੇ ਖਾਸ ਮਾਮਲੇ ਲਈ ਸਹਿਮਤੀ ਵਿੱਚ ਇਕੱਠੇ ਹੁੰਦੇ ਹਨ, ਤਾਂ ਸਵਰਗੀ ਪਿਤਾ ਜਵਾਬ ਦਿੰਦਾ। ਜਦੋਂ ਤੁਹਾਨੂੰ ਅਜਿਹੇ ਬੱਚਿਆਂ ਅਤੇ ਨੌਜਵਾਨਾਂ ਦੀਆਂ ਚੰਗੀਆਂ ਗਵਾਹੀਆਂ ਮਿਲਦੀਆਂ ਹਨ, ਤਾਂ ਕਿਰਪਾ ਕਰਕੇ ਸਾਨੂੰ ਭੇਜੋ। ਅਸੀਂ ਯੋਗ ਗਵਾਹੀਆਂ ਨੂੰ ਪ੍ਰਕਾਸ਼ਿਤ ਕਰਨ ਦੀ ਕੋਸ਼ਿਸ਼ ਕਰਾਂਗੇ।

ਅਸੀਂ ਤੁਹਾਡੇ ਲਈ ਪ੍ਰਾਰਥਨਾ ਕਰ ਰਹੇ ਹਾਂ। ਅਸੀਂ ਦੁਨੀਆਂ ਦੀਆਂ ਸਾਰੀਆਂ ਕੌਮਾਂ ਤੱਕ ਹਰ ਤਰੀਕੇ ਨਾਲ ਸ਼ਾਨਦਾਰ ਸੁਸਮਾਚਾਰ ਦਾ ਪ੍ਰਸਾਰ ਕਰਨ ਲਈ ਪੂਰੇ ਦਿਲ ਨਾਲ ਕੋਸ਼ਿਸ਼ ਕਰਦੇ ਹਾਂ। ਕਿਰਪਾ ਕਰਕੇ ਪ੍ਰਾਰਥਨਾ ਵਿੱਚ ਸਾਡੇ ਨਾਲ ਹੱਥ ਮਿਲਾਓ।ਪ੍ਰਮੇਸ਼ਵਰ ਤੁਹਾਡਾ ਭਲਾ ਕਰੇ!

ਪ੍ਰਭੂ ਯਿਸੂ ਵਿੱਚ ਤੁਹਾਡੇ ਭਰਾ ਅਰ ਸੇਵਕ,

ਪਾ: ਐੱਸ. ਸੈਮ ਸੇਲਵਾ ਰਾਜ ਅਲੈਕਸ ਸੈਮਸਨ ਸੈਮ।

(+91) 98412 71858 / 98410 71858, E.mail : samselvaraj333@gmail.com

(ਚਲਦਾ ਸਫਾ 1 ਤੋਂ)

ਵਿੱਚ ਰੱਖਿਆ ਹੈ, ਉਹ ਹਾਲਾਤ ਜਿਨ੍ਹਾਂ ਨੇ ਤੁਹਾਨੂੰ ਸੀਮਿਤ ਕੀਤਾ ਹੈ ਉਹ ਸਭ ਯਿਸੂ ਦੇ ਨਾਮ ਵਿੱਚ ਟੁੱਟ ਜਾਣਗੇ ਕਿਉਂਕਿ ਉਹ ਅੰਮ੍ਰਿਤ ਵੇਲੇ ਸਾਡੀ ਮਦਦ ਕਰੇਗਾ (ਜ਼ਬੂਰ 46:5)।

## I. ਅੰਮ੍ਰਿਤ ਵੇਲੇ ਦਾ ਕੀ ਮਹੱਤਵ ਹੈ?

### 1. ਅੰਮ੍ਰਿਤ ਵੇਲਾ ਇੱਕ ਨਵੇਂ ਮੌਸਮ ਦੀ ਸ਼ੁਰੂਆਤ ਹੈ

ਯਹੂਦੀ ਕੈਲੰਡਰ ਦੇ ਅਨੁਸਾਰ, ਹਨੇਰਾ ਰਾਤ 9 ਵਜੇ ਤੋਂ 10 ਵਜੇ ਤੱਕ ਛਾ ਜਾਂਦਾ ਹੈ, ਉਸ ਤੋਂ ਬਾਅਦ ਅੰਮ੍ਰਿਤ ਵੇਲਾ ਆਉਂਦਾ ਹੈ। ਇਹ ਲਗਭਗ 12 ਅਤੇ 3 ਵਜੇ ਦੇ ਵਿਚਕਾਰ ਆਉਂਦਾ ਹੈ; ਇਹ ਹਨੇਰੇ ਨੂੰ ਨਾਸ਼ ਕਰਦਾ ਹੈ ਅਤੇ ਰੌਸ਼ਨੀ ਲੈ ਆਉਂਦਾ ਹੈ, ਇੱਕ ਬਿਲਕੁਲ ਨਵਾਂ ਦਿਨ ਅਤੇ ਬਿਲਕੁਲ ਨਵਾਂ ਮੌਸਮ ਆ ਜਾਦਾ ਹੈ। ਸਾਨੂੰ ਤੂਫ਼ਾਨਾਂ, ਬੇਚੈਨੀ ਅਤੇ ਗੜਬੜ ਦੇ ਮੌਸਮ ਵਿੱਚੋਂ ਕਿਉਂ ਗੁਜ਼ਰਨਾ ਚਾਹੀਦਾ ਹੈ?

### 2. ਅੰਮ੍ਰਿਤ ਵੇਲਾ ਬਦਲਾਅ ਦਾ ਮੌਸਮ ਹੈ!

ਅੰਮ੍ਰਿਤ ਵੇਲਾ ਰਾਤ ਅਤੇ ਦਿਨ ਵਿਚਕਾਰ ਤਬਦੀਲੀ ਦੀ ਮਿਆਦ ਹੈ। ਇਹ ਇੱਕ ਮੌਸਮ ਤੋਂ ਦੂਜੇ ਮੌਸਮ ਵਿੱਚ ਅਤੇ ਇੱਕ ਦੌਰ ਤੋਂ ਦੂਜੇ ਦੌਰ ਵਿੱਚ ਜਾਂਦਾ ਹੈ। ਪਰਿਵਰਤਨ ਆਪਣੇ ਆਪ ਵਿੱਚ ਅਨਿਸ਼ਚਿਤਤਾ ਦਾ ਦੌਰ ਹੁੰਦਾ ਹੈ, ਜਿੱਥੇ ਕੋਈ ਅਗਲਾ ਕਦਮ ਚੁੱਕਣ ਲਈ ਅਨਿਸ਼ਚਿਤ ਹੁੰਦਾ ਹੈ। ਕੀ ਕਿਸੇ ਨੂੰ ਇਸ ਪਾਸੇ ਜਾਣਾ ਚਾਹੀਦਾ ਹੈ ਜਾਂ ਦੂਜੇ ਪਾਸੇ? ਇਹ ਹਫੜਾ-ਦਫੜੀ ਅਤੇ ਉਲਝਣ ਦਾ ਦੌਰ ਹੁੰਦਾ ਹੈ। ਮਨੁੱਖ ਫੈਸਲਾ ਲੈਣ ਲਈ ਸੰਘਰਸ਼ ਕਰਦਾ ਹੈ। ਇਹ ਡਰ ਦਾ ਸਮਾਂ ਵੀ ਹੁੰਦਾ ਹੈ - ਕੀ ਹੋ ਰਿਹਾ ਹੈ ਅਤੇ ਕੀ ਹੋਣ ਵਾਲਾ ਹੈ, ਦਾ ਡਰ। ਕੀ ਤੁਸੀਂ ਜਾਣਦੇ ਹੋ, ਸੰਸਾਰ ਅਤੇ ਸ਼ੈਤਾਨ ਇਸ ਤਬਦੀਲੀ ਦੇ ਸਮੇਂ ਵਿੱਚ ਹਫੜਾ-ਦਫੜੀ, ਉਲਝਣ, ਟਕਰਾਅ ਅਤੇ ਅਨਿਸ਼ਚਿਤਤਾ ਦੇਖਣਾ ਚਾਹੁੰਦਾ ਹੈਂ। ਹਾਲਾਂਕਿ, ਪ੍ਰਮੇਸ਼ਵਰ ਚਾਹੁੰਦਾ ਹੈ ਕਿ ਅਸੀਂ ਇਸਨੂੰ ਇੱਕ ਬਦਲਾਅ ਦੇ ਰੂਪ ਵਿੱਚ ਵੇਖੀਏ। **Breakthrough** ਸ਼ਬਦ ਨੂੰ ਦੇਖੋ... ਇਸਦਾ ਭਾਵ ਹੈ ਕਿਸੇ ਚੀਜ਼ ਦਾ ਸਾਹ ਲੈਣਾ। ਪ੍ਰਮੇਸ਼ਵਰ ਇਸ ਰੁੱਤ ਨੂੰ ਇੱਕ ਛੁਟਕਾਰੇ ਦੀ ਰੁੱਤ ਦੇ ਰੂਪ ਵਿੱਚ ਦੇਖ ਰਿਹਾ ਹੈ, ਜਿਸ ਵਿੱਚ ਤੁਸੀਂ ਬੰਧਨਾਂ ਨੂੰ ਤੋੜ ਅੱਗੇ ਵਧੋਗੇ।

ਇੱਕ ਚਰਚ, ਪਰਿਵਾਰ, ਅਤੇ ਵਿਅਕਤੀਗਤ ਰੂਪ ਵਿੱਚ ਜਿਵੇਂ ਅਗਲੇ ਸਤਰ ਤੇ ਜਾਂਦੇ ਹਾਂ ਤਾਂ ਅਸੀਂ ਵਿਕਾਸ, ਪਰਿਪੱਕਤਾ ਅਤੇ ਸਫਲਤਾ ਦੇ ਇੱਕ ਨਵੇ ਸੀਜ਼ਨ ਨੂੰ ਵੇਖਦੇ ਹਾਂ। ਹਨੇਰੇ ਨੂੰ ਤੋੜਨਾ ਅੰਮ੍ਰਿਤ ਵੇਲੇ ਦੀ ਸ਼ੁਰੂਆਤ ਹੈ।

### 3. ਅੰਮ੍ਰਿਤ ਵੇਲਾ ਆਤਮਿਕ ਯੁੱਧ ਦਾ ਮੌਸਮ ਹੈ!

ਸਫਲਤਾ ਆਸਾਨ ਨਹੀਂ ਹੈ। ਹਨੇਰਾ ਮਿਟ ਰਿਹਾ ਹੈ ਅਤੇ ਅੰਮ੍ਰਿਤ ਵੇਲਾ ਸਾਹਮਣੇ ਆ ਰਿਹਾ ਹੈ। ਇਹ ਇੱਕ ਜੰਗ ਹੈ, ਇਹ ਇੱਕ ਸੰਘਰਸ਼ ਹੈ! ਤੁਸੀਂ ਹਨੇਰੇ ਨੂੰ ਤੋੜ ਰਹੇ ਹੋ। ਇਹ ਸਹਿਜੇ ਹੀ ਨਹੀਂ ਹੁੰਦਾ ਅਤੇ ਰੌਸ਼ਨੀ ਲਿਆਉਂਦਾ। ਰੱਬ ਸਾਨੂੰ ਟੁੱਟਣ ਦੇ ਮੌਸਮ ਵਿੱਚ ਬੁਲਾ ਰਿਹਾ ਹੈ। ਉਸਨੇ ਸਾਨੂੰ ਸਾਡੇ ਬੱਚਿਆਂ ਲਈ, ਸਾਡੇ ਪਰਿਵਾਰ ਲਈ, ਸਾਡੇ ਚਰਚ ਲਈ, ਸਾਡੇ ਸ਼ਹਿਰ ਲਈ, ਸਾਡੀ ਕੌਮ ਲਈ, ਸੰਸਾਰ ਲਈ ਸਫਲਤਾਵਾਂ ਲਿਆਉਣ ਲਈ ਰੱਖਿਆ ਹੈ! ਆਮੀਨ!!! ਇਹ ਆਤਮਿਕ ਛੁਟਕਾਰੇ ਦਾ ਮੌਸਮ ਹੈ !!!

ਅਸੀਂ ਉਹਨਾਂ ਚੀਜ਼ਾਂ ਦਾ ਸਾਹਮਣਾ ਕਰਾਂਗੇ ਜੋ ਹਨੇਰ ਅਤੇ ਅਸੰਭਵ ਹਨ ਪਰ ਉਹ ਸਾਡਾ ਅੰਤ ਨਹੀਂ ਹਨ ਉਹ ਸਾਡੀ ਸਫਲਤਾ ਦਾ ਸਾਧਨ ਹਨ। ਏਲੀਯਾਹ ਸਰੀਰਕ, ਮਾਨਸਿਕ, ਆਤਮਿਕ ਅਤੇ ਭਾਵਨਾਤਮਕ ਤੌਰ 'ਤੇ ਥੱਕਿਆ ਬੈਠਾ ਸੀ। ਉਸ ਲਈ ਜੀਉਣਾ ਅਸੰਭਵ ਸੀ। ਇਹ ਉਸਦੀ ਜ਼ਿੰਦਗੀ ਦੇ ਸਭ ਤੋਂ ਕਾਲੇ ਪਲਾਂ ਵਿੱਚੋਂ ਇੱਕ ਸੀ। ਬਾਲ ਦੇ ਪੁਜਾਰੀਆਂ ਦੇ ਵਿਰੁੱਧ ਬੇਦਾਰੀ ਦੀ ਸੇਵਕਾਈ

## ਨੌਜਵਾਨਾਂ ਅਤੇ ਬੱਚਿਆਂ ਲਈ ਵਿਸ਼ਵ ਵਿਆਪੀ ਦਰਸ਼ਨ

### GLOBAL VISION FOR YOUTH & KID CARE

ਪ੍ਰਮੇਸ਼ਵਰ ਨੇ ਸਾਨੂੰ ਨੌਜਵਾਨ ਪੀੜ੍ਹੀ ਦੀ ਭਲਾਈ ਲਈ ਇੱਕ ਵਿਸ਼ੇਸ਼ ਬੋਝ ਦਿੱਤਾ ਹੈ ਅਤੇ ਇਸ ਪੀੜ੍ਹੀ ਵਿੱਚ ਸਭ ਦੇਸ਼ਾਂ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਪ੍ਰਾਰਥਨਾ ਅਤੇ ਸਿੱਖਿਆ ਦੁਆਰਾ ਉਨ੍ਹਾਂ ਨੂੰ ਪਰਮੇਸ਼ੁਰ ਦੇ ਰਾਜ ਲਈ ਤਿਆਰ ਕਰਨ ਦੀ ਜਿੰਮੇਵਾਰੀ ਸੌਂਪੀ ਹੈ।

ਅਸੀਂ ਵਿਸ਼ਵ ਪੱਧਰ 'ਤੇ ਪ੍ਰਮੇਸ਼ਵਰ ਦੇ ਲੋਕਾਂ ਦੀ ਇੱਕ ਛੋਟੀ ਜਿਹੀ ਟੀਮ ਬਣਾਈ ਹੈ ਜਿਸਦਾ ਇੱਕੋ ਬੋਝ ਹੈ ਅਤੇ ਉਸ ਲਈ ਰੋਜ਼ਾਨਾ ਰਾਤ 10.00 ਵਜੇ (ਤੁਹਾਡੇ ਦੇਸ਼ ਦੇ ਸਥਾਨਕ ਸਮੇਂ ਅਨੁਸਾਰ) ਇੱਕ ਮਨ ਹੋ ਕੇ ਪ੍ਰਾਰਥਨਾ ਕਰਨੀ ਸ਼ੁਰੂ ਕਰ ਦਿੱਤੀ ਹੈ । ਸਾਡੇ ਨਾਲ ਜੁੜਨ ਲਈ ਤੁਹਾਡਾ ਬਹੁਤ ਸੁਆਗਤ ਹੈ। ਕਿਰਪਾ ਕਰਕੇ ਸਾਨੂੰ ਆਪਣੀ ਇੱਛਾ ਬਾਰੇ ਸੂਚਿਤ ਕਰੋ। ਅਸੀਂ ਤੁਹਾਨੂੰ ਜਵੇਬਗੇਵ ।



ਇਸ ਤੋਂ ਇਲਾਵਾ, ਜੇਕਰ ਤੁਸੀਂ ਆਪਣੇ ਬੱਚਿਆਂ ਅਤੇ ਪੋਤੇ-ਪੋਤੀਆਂ ਦੀ ਆਤਮਿਕ ਭਲਾਈ ਬਾਰੇ ਚਿੰਤਤ ਹੋ, ਤਾਂ ਤੁਸੀਂ ਉਹਨਾਂ ਦੇ ਨਾਮ ਉਹਨਾਂ ਦੀ ਸੰਬੰਧਿਤ ਉਮਰ (ਬੱਚਿਆਂ ਅਤੇ ਨੌਜਵਾਨਾਂ) ਅਤੇ ਉਹਨਾਂ ਦੀਆਂ ਜ਼ਰੂਰਤਾਂ ਦੇ ਨਾਲ ਭੇਜ ਸਕਦੇ ਹੋ। ਜੇਕਰ ਤੁਹਾਡੀ ਉਮਰ 35 ਸਾਲ ਤੋਂ ਘੱਟ ਹੈ, ਤਾਂ ਤੁਸੀਂ ਵੀ ਸਿੱਧਾ ਆਪਣਾ ਨਾਮ ਦਰਜ ਕਰਵਾ ਸਕਦੇ ਹੋ। ਕਿਰਪਾ ਕਰਕੇ ਇਸ ਲਈ ਪੈਸੇ ਨਾ ਭੇਜੋ। ਪ੍ਰਮੇਸ਼ਵਰ ਤੁਹਾਡਾ ਭਲਾ ਕਰੇ

Our contact details:
**GLOBAL VISION FOR YOUTH & KID CARE**
**Echo of His Call**
Mobile & WhatsApp No : +91- 98412 71858 & +91- 98410 71858
E.mail ID : sam@echoofhiscall.org

ਤੋਂ ਤੁਰੰਤ ਬਾਅਦ, ਜਿਨ੍ਹਾਂ ਨੂੰ ਉਸਨੇ ਇਕੱਲੇ ਹੀ ਨਾਸ਼ ਕਰ ਦਿੱਤਾ ਸੀ, ਉਸਨੂੰ ਸੁਣਨ ਨੂੰ ਮਿਲਦਾ ਹੈ ਕਿ ਉਸਨੂੰ ਮਾਰ ਦਿੱਤਾ ਜਾਵੇਗਾ। ਉਹ ਆਪਣੀ ਜ਼ਿੰਦਗੀ ਲਈ ਇੰਨਾ ਡਰਿਆ ਹੋਇਆ ਸੀ, ਕਿ ਉਹ ਸਿੱਧਾ ਸੋਚ ਵੀ ਨਹੀਂ ਸਕਦਾ ਸੀ। ਉਸਨੇ ਕਿਹਾ ..."ਬਹੁਤ ਹੋ ਗਿਆ! ਹੁਣ, ਪ੍ਰਭੂ, ਮੇਰੀ ਜਾਨ ਲੈ, ਕਿਉਂਕਿ ਮੈਂ ਆਪਣੇ ਪਿਉ-ਦਾਦਿਆਂ ਨਾਲੋਂ ਬਿਹਤਰ ਨਹੀਂ ਹਾਂ! " 1 ਰਾਜਿਆਂ 19:4।

ਉਸਨੇ ਮਹਿਸੂਸ ਕੀਤਾ ਕਿ ਸਭ ਖਤਮ ਹੋ ਗਿਆ ਹੈ ਅਤੇ ਹਰ ਪਾਸੇ ਹਨੇਰਾ ਹੈ, ਉਸਨੂੰ ਅਹਿਸਾਸ ਨਹੀਂ ਸੀ ਕਿ ਉਹ ਤਬਦੀਲੀ ਦੇ ਦੌਰ ਵਿੱਚ ਸੀ। ਉਸਨੂੰ ਹਨੇਰਾ ਦਿਖਿਆ, ਅੰਮ੍ਰਿਤ ਵੇਲਾ ਨਹੀਂ। ਪਰਮੇਸ਼ੁਰ ਨੇ ਉਸ ਨੂੰ ਹਨੇਰੇ ਨੂੰ ਤੋੜਨ ਲਈ ਰੱਖਿਆ ਸੀ। ਇਸ ਸਾਲ ਪ੍ਰਮੇਸ਼ਵਰ ਸਾਡੇ ਵਿੱਚੋਂ ਕੁਝ ਨੂੰ ਪਰਿਵਰਤਨ ਦੇ ਸਮੇਂ ਵਿੱਚ ਲਿਜਾ ਰਿਹਾ ਹੈ ਤਾਂ ਜੋ ਅਸੀਂ ਤੋੜਨ ਵਾਲੇ ਬਣ ਸਕੀਏ - ਹਨੇਰੇ ਨੂੰ ਤੋੜ ਸਕੀਏ ਅਤੇ ਰੋਸ਼ਨੀ ਲਿਆਈਏ। ਬੋਲੋ ਆਮੀਨ !!!

"ਤੋੜਨ ਵਾਲਾ ਉਨ੍ਹਾਂ ਦੇ ਅੱਗੇ ਅੱਗੇ ਉਤਾਹਾਂ ਜਾਵੇਗਾ..." ਮੀਕਾਹ 2:13. ਆਮੀਨ। ਉਹ ਹਨੇਰੇ ਨੂੰ ਤੋੜਨ ਲਈ ਸਾਡੇ ਅੱਗੇ ਚੱਲੇਗਾ, ਅਤੇ ਚਾਨਣ ਵਿੱਚ ਸਾਡੀ ਅਗਵਾਈ ਕਰੇਗਾ। ...ਉਹ ਭੱਜ ਨਿਕਲਣਗੇ, ਫਾਟਕ ਵਿੱਚੋਂ ਦੀ ਲੰਘਣਗੇ, ਅਤੇ ਉਹ ਉਨ੍ਹਾਂ ਨੂੰ ਬਾਹਰ ਲੈ ਜਾਵੇਗਾ... ਮੀਕਾਹ 2:13 ਆਮੀਨ।

ਜਿਸਨੇ ਵੀ ਤੁਹਾਨੂੰ ਰੋਕਿਆ ਹੈ, ਤੁਹਾਨੂੰ ਹਨੇਰੇ ਵਿੱਚ ਰੱਖਿਆ ਹੈ, ਤੁਹਾਨੂੰ ਚੂਰ-ਚੂਰ ਕੀਤਾ ਹੈ, ਤੁਹਾਨੂੰ ਸੀਮਤ ਕੀਤਾ ਹੈ, ਪਰਮੇਸ਼ੁਰ ਤੁਹਾਨੂੰ ਉਸ ਵਿੱਚੋਂ ਬਾਹਰ ਕੱਢ ਰਿਹਾ ਹੈ, ਯਿਸੂ ਦੇ ਨਾਮ ਵਿੱਚ, "ਤੁਸੀਂ ਇਸ ਵਿੱਚੋਂ ਬਾਹਰ ਆ ਜਾਓਗੇ"; ਕਿਉਂਕਿ ਉਹ ਤੁਹਾਡੇ ਅੱਗੇ ਚੱਲ ਰਿਹਾ ਹੈ। ਰਾਜਾ ਅੱਗੇ ਲੰਘ ਜਾਵੇਗਾ। ਇਹ ਮਹਿਮਾ ਦਾ ਰਾਜਾ ਕੌਣ ਹੈ? (ਜ਼ਬੂਰ 24:7-9)।

ਜਿਵੇਂ ਕਿ ਇੱਕ ਮਸ਼ਹੂਰ ਗੀਤ ਕਹਿੰਦਾ ਹੈ,
"ਮੈਂ ਜਾਣਦਾ ਹਾਂ ਕਿ ਮੇਰੇ ਅੱਗੇ ਕੌਣ ਜਾਂਦਾ ਹੈ,
ਮੈਂ ਜਾਣਦਾ ਹਾਂ ਕਿ ਕੌਣ ਪਿੱਛੇ ਜਾਂਦਾ ਹੈ
ਦੂਤਾਂ ਦੀਆਂ ਫ਼ੌਜਾਂ ਦਾ ਪਰਮੇਸ਼ੁਰ ਮੇਰੇ ਨਾਲ ਹੈ...
ਮੇਰੇ ਵਿਰੁੱਧ ਬਣਾਈ ਗਈ ਕੋਈ ਵੀ ਚੀਜ਼ ਸਫ਼ਲ ਨਹੀਂ ਹੋਵੇਗੀ... "
ਮੈਂ ਨਹੀਂ ਡਰਾਂਗਾ, ਯਹੋਵਾਹ ਮੇਰੇ ਨਾਲ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਛੁਟਕਾਰਾ ਹਨੇਰੇ ਵਿੱਚੋਂ ਬਾਹਰ ਨਿਕਲਣਾ ਅਤੇ ਰੋਸ਼ਨੀ ਵਿੱਚ ਆਉਣਾ ਹੈ। ਇਸ ਸਾਲ ਪ੍ਰਮੇਸ਼ਵਰ ਸਾਨੂੰ ਹਨੇਰੇ ਤੋਂ ਇੱਕ ਸਫਲਤਾ ਪ੍ਰਦਾਨ ਕਰੇਗਾ ਤਾਂ ਜੋ ਅਸੀਂ ਜਿੱਤ ਕੇ ਰੌਸ਼ਨੀ ਵਿੱਚ ਪ੍ਰਵੇਸ਼ ਕਰ ਸਕੀਏ।

## II. ਕਿਸ ਤੋਂ ਛੁਟਕਾਰਾ?

ਹਨੇਰਾ - ਹਨੇਰਾ ਕੀ ਦਰਸਾਉਂਦਾ ਹੈ?

### (ੳ) ਦੁਸ਼ਟ ਦਾ ਰਾਜ:

ਹਨੇਰਾ ਹਰੇਕ ਉਹ ਚੀਜ਼ ਹੈ ਜੋ ਸ਼ੈਤਾਨੀ ਹੈ। ਇਹ ਸ਼ੈਤਾਨ ਦਾ ਪ੍ਰਤੀਕ ਹੈ, ਜਿਸ ਨੂੰ ਹਨੇਰੇ ਦਾ ਹਾਕਿਮ ਕਿਹਾ ਜਾਂਦਾ ਹੈ। ਹਨੇਰਾ ਇੱਕ ਰਾਜ ਹੈ। ਕੁਲੁੱਸੀਆਂ 1:13 ਕਹਿੰਦਾ ਹੈ ਕਿਉਂਕਿ ਉਸਨੇ ਸਾਨੂੰ ਹਨੇਰੇ ਦੇ ਰਾਜ ਤੋਂ ਛੁਡਾਇਆ ਹੈ ਅਤੇ ਸਾਨੂੰ ਉਸ ਪੁੱਤਰ ਦੇ ਰਾਜ ਵਿੱਚ ਲਿਆਂਦਾ ਹੈ, ਜਿਸਨੂੰ ਉਹ ਪਿਆਰ ਕਰਦਾ ਹੈ। ਰਾਜ ਉਹ ਚੀਜ਼ ਹੈ ਜੋ ਹਾਵੀ ਹੁੰਦੀ ਹੈ। ਸਾਡੇ ਵਿੱਚੋਂ ਕੁਝ ਅਜਿਹਾ ਮਹਿਸੂਸ ਕਰਦੇ ਹਨ ਜਿਵੇਂ ਸਾਡੀ ਜ਼ਿੰਦਗੀ ਵਿੱਚ ਕੋਈ ਅਜਿਹਾ ਵਿਅਕਤੀ ਹੈ ਜੋ ਆਖਰੀ ਫ਼ੈਸਲਾ ਲੈਂਦਾ ਹੈ ਜਾਂ ਆਖਰੀ ਬਟਨ ਦਬਾਉਂਦਾ ਹੈ ਅਤੇ ਇਸ ਵਿੱਚ ਸਾਡਾ ਕੋਈ ਵੱਸ ਨਹੀਂ ਚੱਲਦਾ। ਅੰਮ੍ਰਿਤ ਵੇਲਾ ਹਨੇਰੇ ਦੇ ਰਾਜ ਨੂੰ ਤੋੜ ਰਿਹਾ ਹੈ।

ਉਹ ਸਭ ਵੀ ਹਨੇਰਾ ਹੈ, ਜੋ ਪਾਪ ਹੈ; ਜੋ ਹਾਵੀ ਹੁੰਦਾ ਹੈ, ਜੋ ਜ਼ੁਲਮ ਕਰਦਾ ਹੈ, ਜੋ ਸਾਡੇ ਉੱਤੇ ਨਿਯੰਤਰਣ ਲੈਂਦਾ ਹੈ। ਹੋ ਸਕਦਾ ਹੈ ਕਿ ਤੁਸੀਂ ਕਿਸੇ ਅਜਿਹੀ ਆਦਤ ਨਾਲ ਸੰਘਰਸ਼ ਕਰ ਰਹੇ ਹੋ ਜੋ ਤੁਹਾਡੇ 'ਤੇ ਹਾਵੀ ਹੈ। ਤੁਸੀਂ ਇਸ ਤੋਂ ਬਾਹਰ ਆਉਣਾ ਚਾਹੁੰਦੇ ਹੋ, ਪਰ ਸੰਘਰਸ਼ ਕਰ ਰਹੇ ਹੋ। ਕੀ ਤੁਸੀਂ ਜਾਣਦੇ ਹੋ ਕਿ ਨਾਮ ਦੇ ਪਰਪੱਕ ਮਸੀਹੀ ਵੀ ਪਾਪ ਦੀ ਪਕੜ ਨਾਲ ਸੰਘਰਸ਼ ਕਰ ਰਹੇ ਹਨ? ਤਕਨਾਲੋਜੀ ਵਿੱਚ ਤਰੱਕੀ ਦੇ ਨਾਲ, ਹਰ ਕਿਸੇ ਕੋਲ ਆਪਣੇ ਹੱਥਾਂ ਦੀ ਹਥੇਲੀ ਵਿੱਚ ਇੰਟਰਨੈਟ ਦੀ ਪਹੁੰਚ ਹੈ, ਇਹ ਕੀ ਹੈ? ਇਸ ਨੇ ਪਾਪ ਲਈ ਬਹੁਤ ਸਾਰੇ ਦਰਵਾਜ਼ੇ ਖੋਲ੍ਹ ਦਿੱਤੇ ਹਨ, ਜਿਸਦੀ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ ਸੀ। ਹਰ ਉਮਰ ਵਰਗ ਨੂੰ ਸੋਸ਼ਲ ਮੀਡੀਆ ਦੀ ਆਦਤ, ਟਿਕਟੌਕ 'ਤੇ ਸਮਾਂ ਬਿਤਾਉਣਾ, ਯੂਟਿਊਬ ਟ੍ਰੇਲਰ, ਪੋਰਨੋਗ੍ਰਾਫੀ ਦੀ ਲਤ ਲੱਗੀ ਹੋਈ ਹੈ। ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਬੱਚਿਆਂ ਦੇ ਹੱਥਾਂ ਵਿਚਲੇ ਯੰਤਰਾਂ ਕਾਰਨ ਉਹ ਵੀ ਅਸ਼ਲੀਲਤਾ ਦੇ ਆਦੀ ਹੋ ਜਾਂਦੇ ਹਨ।

ਹਨੇਰੇ ਦੇ ਰਾਜਕੁਮਾਰ ਨੇ ਸਾਡੇ ਸਮੇਂ, ਸਾਡੀ ਸੋਚ ਅਤੇ ਸਾਡੀਆਂ ਭਾਵਨਾਵਾਂ 'ਤੇ ਬੁਰਾਈਆਂ ਨਾਲ ਪੂਰਾ ਕੰਟਰੋਲ ਕਰ ਲਿਆ ਹੈ। ਅਨਜਾਣੇ ਵਿੱਚ ਹੀ ਇਹ ਸਾਡੀ ਸ਼ਾਂਤੀ, ਸਾਡੇ ਪਰਿਵਾਰਕ ਸਬੰਧਾਂ, ਪ੍ਰਮੇਸ਼ਵਰ ਨਾਲ ਸਾਡੇ ਰਿਸ਼ਤੇ ਨੂੰ ਤਬਾਹ ਕਰ ਰਿਹਾ ਹੈ, ਅਤੇ ਸਭ ਤੋਂ ਵੱਧ ਸਾਡੇ ਦਿਲ, ਦਿਮਾਗ ਅਤੇ ਆਤਮਾ ਨੂੰ ਭ੍ਰਿਸ਼ਟ ਕਰ ਰਿਹਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਦਾ ਅਸਰ ਅਗਲੀ ਪੀੜ੍ਹੀ 'ਤੇ ਪੈ ਰਿਹਾ ਹੈ। ਸਾਡੀ ਹਰ

(ਚਲਦਾ ਸਫਾ 6 ਤੇ)

नहेम्याह बाइबल कॉलेज
रेसिडेन्शल कॉलेज, चेन्नई।
माध्यमः हिन्दी
सदस्यता के लिए पंजीकृत उम्मीदवार - ATA
सुविख्यात अंतर्राष्ट्रीय मसीही अगुवे तथा पिछले 53 वर्षों से सेवारत वरिष्ठ पासवान
सर्टिफिकेट इन थियोलॉजी – 1 साल
डिप्लोमा ऑफ थियोलॉजी – 2 साल
योग्यता 10 वी या अधिक जल्दी करें!
Contact : The Chairman, Nehemiah Bible College.
10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org
✶ ऑनलाइन कक्षाएं उपलब्ध हैं ✶

# GREAT COMMISSION PARTNERS
## ਮਹਾਨ ਆਦੇਸ਼ ਸਹਿਭਾਗੀ

TO SHARE (Galatians 6:2) SUPPORT (Romans 12:13) SPEEDUP (II Timothy 1:6)
ਵੰਡਣਾ (ਗਲਾਤੀਆਂ ੬:੨) ਸਹਾਇਤਾ ਕਰਨਾ(ਰੋਮੀਆਂ ੧੨:੧੩) ਤੇਜੀ ਕਰਨਾ (੨ਤਿਮੋਥੀਅਸ ੧:੬)

19 ਮਈ 2023 ਤੋਂ 18 ਜੂਨ 2023 ਤੱਕ

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

### ਵਡਿਆਈ ਦੇ ਮੁੱਦੇ

19 ਮਈ: ਸਾਡੀ ਪ੍ਰਿੰਟਿੰਗ ਪ੍ਰੈਸ ਦੀ ਬਰਕਤ ਅਤੇ 16 ਭਾਸ਼ਾਵਾਂ ਵਿੱਚ ਇਸ ਦੇ ਪ੍ਰਕਾਸ਼ਨ ਮਿਸ਼ਨ ਖੇਤਰਾਂ ਵਿੱਚ ਪਹੁੰਚਣ ਲਈ।

20 ਮਈ: ਸਾਡੀ ਸੇਵਕਾਈ ਯਾਤਰਾ ਨੂੰ ਅਸੀਸ ਦੇਣ ਲਈ।

21 ਮਈ: ਸਾਡੇ ਮੁੱਖ ਚਰਚ ਅਤੇ ਬ੍ਰਾਂਚ ਚਰਚਾਂ ਦੇ ਸਾਰੇ ਮੈਂਬਰਾਂ ਨੂੰ ਅਸੀਸ ਦੇਣ ਲਈ।

22 ਮਈ: ਸਾਡਾ ਪ੍ਰਭੂ ਸਾਡੇ ਸੀਨੀਅਰ ਪਾਸਟ ਐਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਾਰੀਆਂ ਦੁਸ਼ਟ ਤਾਕਤਾਂ ਤੋਂ ਬਚਾ ਰਿਹਾ ਹੈ।

23ਮਈ: ਸਾਡੇ ਬਾਈਬਲਕੋਰ (ਬਾਈਬਲ ਪੱਤਰ ਵਿਹਾਰ ਕੋਰਸ) ਅਤੇ ਥੀਓਲਾਜੀਕਲ ਪੱਤਰ ਵਿਹਾਰ ਕੋਰਸਾਂ ਨੂੰ ਅਸੀਸ ਦੇਣ ਲਈ।

24 ਮਈ: ਸਾਡੇ ਸੇਂਟ ਪੌਲਜ਼ ਮੈਟ੍ਰਿਕ ਸਕੂਲ ਵਿੱਚ ਨਵੇਂ ਪ੍ਰਿੰਸੀਪਲ ਦੀ ਬਰਕਤ ਦੇਣ ਲਈ।

25 ਮਈ: ਸਾਡੇ ਮੁੱਖ ਚਰਚ ਅਤੇ ਸ਼ਾਖਾਵਾਂ ਵਿੱਚ ਐਤਵਾਰ ਨੂੰ ਹੁੰਦੀਆਂ ਸਭਾਵਾਂ ਲਈ।

26 ਮਈ: ਸਾਡੇ ਨਹਮਯਾਹ ਬਾਈਬਲ ਕਾਲਜ ਦੀ ਨਵੀਂ ਫੈਕਲਟੀ ਦੇ ਨਾਲ ਸਾਨੂੰ ਅਸੀਸ ਦੇਣ ਲਈ।

27 ਮਈ: ਹਫੜਾ-ਦਫੜੀ ਅਤੇ ਯੁੱਧ ਦੇ ਡਰ ਦੇ ਵਿਚਕਾਰ ਸਾਰੇ ਦੇਸ਼ਾਂ ਦੀ ਈਸ਼ਵਰੀ ਸੁਰੱਖਿਆ ਲਈ।

28 ਮਈ: ਸਾਡੇ ਵਰਕਰਾਂ ਦੇ ਪਰਿਵਾਰਾਂ 'ਤੇ ਉਨ੍ਹਾਂ ਉੱਤੇ ਅਸੀਸਾਂ ਦੀ ਵਰਖਾ ਕਰਨ ਲਈ।

29 ਮਈ: ਰਾਜਨੀਤਿਕ ਅਤੇ ਧਾਰਮਿਕ ਵਿਰੋਧ ਦੇ ਵਿਚਕਾਰ ਮਸੀਹੀ ਸੇਵਕਾਈਆਂ ਨੂੰ ਪ੍ਰਫੁੱਲਤ ਕਰਨ ਲਈ।

30 ਮਈ: ਮਿਸ਼ਨ ਖੇਤਰ ਦੇ ਕਾਮਿਆਂ ਦੀ ਵਚਨਬੱਧਤਾ ਲਈ।

31 ਮਈ: ਸਮਾਜ ਦੇ ਸਾਰੇ ਖੇਤਰਾਂ ਵਿੱਚ ਔਰਤਾਂ ਦੇ ਵਿਕਾਸ ਲਈ।

01 ਜੂਨ: ਸਾਡੇ ਰਿਹਾਇਸ਼ੀ ਅਤੇ ਸ਼ਾਮ ਦੇ ਨਹਮਯਾਹ ਬਾਈਬਲ ਕਾਲਜ ਲਈ ਨਵੇਂ ਵਿਦਿਆਰਥੀ ਦੇਣ ਲਈ।

02 ਜੂਨ: ਸਾਡੀ ਸੁਸਮਾਚਾਰ ਪ੍ਰਿੰਟਿੰਗ ਪ੍ਰੈਸ ਦੀ ਨਿਰੰਤਰ ਕਾਰਗੁਜਾਰੀ ਅਤੇ ਇਸਦੇ ਕੁਸ਼ਲ ਕਰਮਚਾਰੀਆਂ ਲਈ।

03 ਜੂਨ: ਸਾਡੇ 5 ਮਿੰਟ ਦੇ ਯੂਟਯੂਬ ਸੰਦੇਸ਼ਾਂ ਲਈ ਵੱਧ ਰਹੇ ਸਬਸਕ੍ਰਾਈਬਰਾਂ ਅਤੇ ਗਵਾਹੀਆਂ ਲਈ।

### ਪ੍ਰਾਰਥਨਾ ਦੇ ਮੁੱਦੇ

04 ਜੂਨ: ਸਾਡੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਾਈਬਰ ਸਹਿਭਾਗੀਆਂ, ਨਿਹਚਾ ਸਹਿਭਾਗੀਆਂ, ਜੀਵਨ ਸਹਿਭਾਗੀਆਂ ਅਤੇ ਮਹਾਨ ਆਦੇਸ਼ ਸਹਿਭਾਗੀਆਂ ਅਤੇ ਉਹਨਾਂ ਦੇ ਪਰਿਵਾਰਾਂ ਉੱਪਰ ਉਸਦੀ ਦਇਆ ਲਈ।

05 ਜੂਨ: ਸਾਡੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਚੰਗੀ ਸਿਹਤ ਲਈ।

06 ਜੂਨ: ਸਾਰੇ ਦੇਸ਼ਾਂ ਨੂੰ ਏਕਤਾ ਅਤੇ ਹਰ ਪੱਖ ਤੋਂ ਤਰੱਕੀ ਅਤੇ ਯੋਜਨਾਬੰਦ ਕਰਨ ਲਈ।

07 ਜੂਨ: ਸਾਰੀਆਂ ਮਸੀਹੀ ਸੰਸਥਾਵਾਂ ਦੀ ਬਰਕਤ ਅਤੇ ਸੁਰੱਖਿਆ ਲਈ।

08 ਜੂਨ: ਸਾਨੂੰ ਅਣਪਹੁੰਚੀਆਂ ਥਾਵਾਂ 'ਤੇ ਸੁਸਮਾਚਾਰ ਲੈ ਕੇ ਜਾਣ ਯੋਗ ਬਣਾਉਣ ਲਈ।

09 ਜੂਨ: ਧਰਤੀ ਉੱਤੇ ਉਸਦੇ ਰਾਜ ਨੂੰ ਬਣਾਉਣ ਲਈ ਸਾਨੂੰ ਹੋਰ ਦਰਸ਼ਨ ਦੇਣ ਲਈ।

10 ਜੂਨ: ਵਾਇਰਲ ਬੁਖਾਰ ਅਤੇ ਨਵੀਆਂ ਛੂਤ ਦੀਆਂ ਬਿਮਾਰੀਆਂ ਤੋਂ ਸੁਰੱਖਿਆ ਲਈ।

11 ਜੂਨ: ਦੁਨੀਆਂ ਦੇ ਨੌਜਵਾਨਾਂ ਅਤੇ ਬੱਚਿਆਂ ਦੇ ਯਿਸੂ ਮਸੀਹ ਨੂੰ ਆਪਣੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕਰਨ ਲਈ।

12 ਜੂਨ: ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਚੰਗੀ ਸਿਹਤ ਅਤੇ ਸੁਰੱਖਿਆ ਲਈ।

13 ਜੂਨ: ਸਾਡੀਆਂ ਸੇਵਕਾਈਆਂ ਦਾ ਹਰ ਸੰਭਵ ਢੰਗ ਨਾਲ ਵਿਸਥਾਰ ਹੋਣ ਲਈ।

14 ਜੂਨ: ਅਕਾਦਮਿਕ ਸਾਲ 2023-24 ਲਈ ਸਾਡੇ ਰਿਹਾਇਸ਼ੀ ਅਤੇ ਸ਼ਾਮ ਦੇ ਨਹਮਯਾਹ ਬਾਈਬਲ ਕਾਲਜ ਲਈ ਯੋਗ ਵਿਦਿਆਰਥੀਆਂ ਦੇ ਦਾਖਲੇ ਲਈ।

15 ਜੂਨ : ਦੁਨੀਆ ਭਰ ਦੇ ਰਾਸ਼ਟਰਪਤੀਆਂ, ਪ੍ਰਧਾਨ ਮੰਤਰੀਆਂ ਅਤੇ ਸਾਰੇ ਸਰਕਾਰੀ ਅਧਿਕਾਰੀਆਂ ਲਈ।

16 ਜੂਨ: ਅਕਾਦਮਿਕ ਸਾਲ 2023-24 ਲਈ ਸਾਡੇ ਸੇਂਟ ਪਾਲ ਮੈਟ੍ਰਿਕ ਸਕੂਲ ਲਈ ਨਵੇਂ ਵਿਦਿਆਰਥੀਆਂ ਦੇ ਦਾਖਲੇ ਲਈ।

17 ਜੂਨ: ਸਾਡੇ ਸਮਰਥਕਾਂ, ਸ਼ੁਭਚਿੰਤਕਾਂ ਅਤੇ ਦੋਸਤਾਂ ਲਈ ਜੋ ਪ੍ਰਾਰਥਨਾ ਅਤੇ ਵਿੱਤੀ ਸਹਾਇਤਾ ਦੁਆਰਾ ਸਾਡੀਆਂ ਸੇਵਕਾਈਆਂ ਨੂੰ ਬਰਕਰਾਰ ਰੱਖਦੇ ਹਨ।

18 ਜੂਨ  ਸਾਡੇ ਸਹਿਯੋਗੀ ਸੰਪਾਦਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ।

(ਸਫਾ 4 ਤੋਂ ਚਲਦਾ-)

ਕਾਰਵਾਈ ਬੱਚਿਆਂ ਨੂੰ ਪ੍ਰਭਾਵਿਤ ਕਰਦੀ ਹੈ। ਪ੍ਰਮੇਸ਼ਵਰ ਉਸ ਸਭ ਤੋਂ ਅਜ਼ਾਦ ਹੋਣ ਵਿੱਚ ਸਾਡੀ ਸਹਾਇਤਾ ਕਰੇ ਜੋ ਵੀ ਸਾਡੇ ਜੀਵਨ, ਸਾਡੇ ਪਰਿਵਾਰਾਂ, ਸਾਡੇ ਚਰਚਾਂ, ਸਾਡੀ ਸੇਵਕਾਈ ਜਾਂ ਪ੍ਰਮੇਸ਼ਵਰ ਨਾਲ ਸਾਡੇ ਰਿਸ਼ਤੇ ਉੱਤੇ ਹਾਵੀ ਹੈ।

### (ਅ) ਅਗਿਆਨਤਾ:

ਅਫ਼ਸੀਆਂ 4:18 ਵਿੱਚ ਲਿਖਿਆ ਹੈ, "ਉਨ੍ਹਾਂ ਦੀ ਬੁੱਧ ਅਨ੍ਹੇਰੀ ਹੋਈ ਹੋਈ ਹੈ ਅਤੇ ਉਸ ਅਗਿਆਨ ਦੇ ਕਾਰਨ ਜੋ ਉਨ੍ਹਾਂ ਵਿੱਚ ਹੈ ਅਤੇ ਆਪਣੇ ਮਨ ਦੀ ਕਠੋਰਤਾ ਦੇ ਕਾਰਨ ਓਹ ਪਰਮੇਸ਼ੁਰ ਦੇ ਜੀਵਨ ਤੋਂ ਅੱਡ ਹੋਏ ਹੋਏ ਹਨ।" ਪ੍ਰਮੇਸ਼ਵਰ ਦੇ ਰਾਜ ਵਿੱਚ ਅਗਿਆਨਤਾ, ਮਨ ਵਿੱਚ ਬੇਸਮਝ ਹੋਣਾ ਇੱਕ ਨੁਕਸਾਨ ਹੈ। ਸ਼ੈਤਾਨ ਚਾਹੁੰਦਾ ਹੈ ਕਿ ਅਸੀਂ ਅਣਜਾਣ ਰਹੀਏ। ਉਹ ਧੋਖੇਬਾਜ਼ ਹੈ। ਸ਼ੈਤਾਨ ਅਗਿਆਨਤਾ ਵਿੱਚ ਤਰੱਕੀ ਕਰਦਾ ਹੈ। ਇਹ ਨਾ ਕਹੋ ਕਿ ਮੈਂ ਨਹੀਂ ਜਾਣਦਾ। 2 ਕੁਰਿੰਥੀਆਂ 4: 4 ਅਨੁਸਾਰ, " ਜਿਨ੍ਹਾਂ ਵਿੱਚ ਇਸ ਜੁੱਗ ਦੇ ਈਸ਼ੁਰ ਨੇ ਬੇਪਰਤੀਤਿਆਂ ਦੀਆਂ ਬੁੱਧਾਂ ਅੰਨ੍ਹੀਆਂ ਕਰ ਦਿੱਤੀਆਂ ਅਤੇ ਮਸੀਹ ਜੋ ਪਰਮੇਸ਼ੁਰ ਦਾ ਸਰੂਪ ਹੈ ਉਹ ਦੇ ਤੇਜ ਦੀ ਖੁਸ਼ ਖ਼ਬਰੀ ਦਾ ਚਾਨਣ ਉਨ੍ਹਾਂ ਉੱਤੇ ਪਰਕਾਸ਼ ਹੋਵੇ।

"ਬੁੱਧ ਦਾ ਅੰਨ੍ਹਾ ਹੋਣਾ" ਕਈ ਵਾਰ ਅਸੀਂ ਬਾਈਬਲ ਪੜ੍ਹਦੇ ਹਾਂ ਪਰ ਅਸਲ ਵਿੱਚ ਸਮਝ ਨਹੀਂ ਪਾਉਂਦੇ। ਕੁਝ, ਜੋ ਆਪਣੇ ਆਪ ਨੂੰ "ਚੰਗੇ ਮਸੀਹੀ" ਕਹਿੰਦੇ ਹਨ, ਅਜੇ ਵੀ ਉਹ ਡੂੰਘਾਈ ਵਾਲਾ ਅਨੁਭਵ ਕਰਨ ਦੇ ਯੋਗ ਨਹੀਂ ਹਨ। ਹਨੇਰਾ ਕਿਉਂ ਹੈ? ਰੱਬ ਦਾ ਬਚਨ ਪੜ੍ਹੋ। ਪ੍ਰਮੇਸ਼ਵਰ ਤੋਂ ਪੁੱਛੋ, ਉਹ ਤੁਹਾਨੂੰ ਤੁਹਾਡੀ ਅਗਿਆਨਤਾ ਤੋਂ ਸਫਲਤਾ ਦੇਵੇਗਾ। ਰੱਬ ਤੋਂ ਬੁੱਧ ਮੰਗੋ ... ਉਹ ਖੁੱਲ੍ਹੇ ਦਿਲ ਨਾਲ ਦਿੰਦਾ ਹੈ। (ਯਾਕੂਬ 1:5) ਇਕ ਵਾਰ ਫਿਰ ਤਕਨਾਲੋਜੀ ਨੇ ਸਾਡੇ ਹੱਥਾਂ ਵਿਚ ਬਾਈਬਲ ਦਿੱਤੀ ਹੈ, ਸਾਡੇ ਕੋਲ ਸਾਰੇ ਸੰਸਕਰਣਾਂ, ਵੱਖ-ਵੱਖ ਭਾਸ਼ਾਵਾਂ ਅਤੇ ਵੱਖ-ਵੱਖ ਅਨੁਵਾਦਾਂ ਵਿਚ ਬਾਈਬਲ ਦੀ ਪਹੁੰਚ ਹੈ, ਜੋ ਹਰ ਸਮੇਂ ਆਸਾਨੀ ਨਾਲ ਉਪਲਬਧ ਹੈ, ਮੈਂ ਇਸ ਬਾਰੇ ਬਹੁਤ ਖੁਸ਼ ਹਾਂ ਪਰ ਨਾਲ ਹੀ, ਅਸੀਂ ਔਨਲਾਈਨ ਬਾਈਬਲ ਉੱਤੇ ਜ਼ਿਆਦਾ ਤੋਂ ਜ਼ਿਆਦਾ ਭਰੋਸਾ ਕਰਨਾ ਸ਼ੁਰੂ ਕਰ ਦਿੱਤਾ ਹੈ। ਹਾਲਾਂਕਿ ਇਹ ਸਾਡੇ ਹੱਥਾਂ ਵਿੱਚ ਹੈ, ਸਾਡੇ ਦਿਲਾਂ ਅਤੇ ਦਿਮਾਗਾਂ ਵਿੱਚ ਇਹ ਨਹੀਂ ਹੈ।

ਪਹਿਲਾਂ, ਲੋਕ ਆਪਣੀਆਂ ਬਾਈਬਲਾਂ ਦੀ ਖੋਜ ਕਰਕੇ ਬਾਈਬਲ ਦੇ ਹਵਾਲੇ ਕਹਿ ਸਕਦੇ ਸਨ, ਪਰ ਹੁਣ ਉਹ ਗੂਗਲ ਤੋਂ ਪੁੱਛ ਰਹੇ ਹਨ। ਮੇਰੀ ਚਿੰਤਾ ਇਹ ਹੈ ਕਿ ਇੱਕ ਦਿਨ ਆਵੇਗਾ, ਜਦੋਂ ਸਾਰੇ ਔਨਲਾਈਨ ਸੰਸਕਰਣਾਂ ਦੀ ਹੋਂਦ ਬੰਦ ਹੋ ਜਾਵੇਗੀ। ਸਾਡਾ ਕੀ ਹੋਵੇਗਾ? ਅਜਿਹਾ ਲਗਦਾ ਹੈ ਕਿ ਸ਼ੈਤਾਨ ਨੇ ਸਾਨੂੰ ਪ੍ਰਮੇਸ਼ਵਰ ਦੇ ਬਚਨ ਤੱਕ ਇੰਨੀ ਸੁਤੰਤਰਤਾ ਨਾਲ ਪਹੁੰਚ ਦਿੱਤੀ ਹੈ ਅਤੇ ਇਸ ਲਈ ਅਸੀਂ ਇਸ 'ਤੇ ਇੰਨੇ ਨਿਰਭਰ ਹਾਂ; ਇੱਕ ਦਿਨ ਆਵੇਗਾ ਜਦੋਂ ਉਹ ਔਨਲਾਈਨ ਸੰਸਕਰਣ 'ਤੇ ਪਾਬੰਦੀ ਲਗਾਉਣਗੇ, ਉਦੋਂ ਸਾਡੇ ਕੋਲ ਪਰਮੇਸ਼ੁਰ ਦਾ ਬਚਨ ਨਹੀਂ ਹੋਵੇਗਾ। ਆਓ ਅਸੀਂ ਆਪਣੀ ਬਾਈਬਲ ਨੂੰ ਜੋਸ਼ ਨਾਲ ਪੜ੍ਹੀਏ, ਪਰਮੇਸ਼ੁਰ ਦੇ ਬਚਨ ਨੂੰ ਯਾਦ ਕਰੀਏ ਅਤੇ ਦਿਨ ਰਾਤ ਇਸ ਦਾ ਮਨਨ ਕਰੀਏ ਤਾਂ ਜੋ ਇਹ ਸਾਡੇ ਦਿਲਾਂ ਵਿੱਚ ਲਿਖਿਆ ਜਾਵੇ।

## II. ਕਿਸਦੇ ਲਈ ਛੁਟਕਾਰਾ?

ਰੋਸ਼ਨੀ - ਰੋਸ਼ਨੀ ਕੀ ਹੈ?

### (ੳ) ਰੋਸ਼ਨੀ ਸਮਝ ਹੈ!

ਚਾਨਣ ਚੀਜ਼ਾਂ ਨੂੰ ਹੋਂਦ ਵਿੱਚ ਲਿਆਉਂਦਾ ਹੈ। ... ਪ੍ਰਮੇਸ਼ਵਰ ਚਾਨਣ ਹੈ ਅਤੇ ਹਨੇਰਾ ਉਸ ਵਿੱਚ ਮੂਲੋਂ ਨਹੀਂ ਹੈ, 1 ਯੂਹੰਨਾ 1:5 । ਜਦੋਂ ਰੌਸ਼ਨੀ ਹੁੰਦੀ ਹੈ ਤਾਂ ਊਰਜਾ ਹੁੰਦੀ ਹੈ। ਸਾਨੂੰ ਈਸ਼ਵਰੀ ਪ੍ਰਕਾਸ਼ ਤੋਂ ਆਤਮਿਕ ਊਰਜਾ ਮਿਲਦੀ ਹੈ। ਇਹ ਸਾਡੇ ਮਨਾਂ ਨੂੰ ਰੌਸ਼ਨ ਕਰਦਾ ਹੈ। ਇਹ ਸਾਨੂੰ ਸਾਫ਼-ਸਾਫ਼ ਦੇਖਣ ਵਿੱਚ ਮਦਦ ਕਰਦਾ ਹੈ। ਇਹ ਸਾਨੂੰ ਆਜ਼ਾਦ ਕਰਦਾ ਹੈ ਅਤੇ ਚੀਜ਼ਾਂ 'ਤੇ ਸਹੀ ਦ੍ਰਿਸ਼ਟੀਕੋਣ ਦਿੰਦਾ ਹੈ। ਚਾਨਣ ਪ੍ਰਕਾਸ਼ਨ ਦਿੰਦਾ ਹੈ। ਬਾਈਬਲ ਪਰਮੇਸ਼ੁਰ ਦੀ ਸੱਚਾਈ ਹੈ; ਇਹ ਪਰਮੇਸ਼ੁਰ ਦਾ ਚਾਨਣ ਹੈ।ਆਪਣੇ ਚਾਨਣ ਅਰ ਆਪਣੀ ਸੱਚਿਆਈ ਨੂੰ ਘੱਲ ਕਿ ਓਹ ਮੇਰੀ ਅਗਵਾਈ ਕਰਨ, ਅਤੇ ਓਹ ਮੈਨੂੰ ਤੇਰੇ ਪਵਿੱਤਰ ਪਹਾੜ ਅਰ ਤੇਰਿਆਂ ਡੇਹਰਿਆਂ ਕੋਲ ਪੁਚਾਉਣ (ਜ਼ਬੂਰ 43:3)। ਜੇਕਰ ਰੋਸ਼ਨੀ ਨਹੀਂ ਹੈ ਤਾਂ ਕੋਈ ਸੱਚਾਈ ਨਹੀਂ ਹੋਵੇਗੀ, ਅੰਮ੍ਰਿਤ ਵੇਲਾ ਵੀ ਨਹੀਂ ਹੋਵੇਗਾ! ਜੇ ਸਾਨੂੰ ਰੋਸ਼ਨੀ ਦੀ ਲੋੜ ਹੈ ਤਾਂ ਸਾਨੂੰ ਪਹਾੜ (ਰੱਬ ਦੀ ਹਜ਼ੂਰੀ) 'ਤੇ ਜਾਣਾ ਪਵੇਗਾ ਜਿੱਥੇ ਪ੍ਰਮੇਸ਼ਵਰ ਵਾਸ ਕਰਦਾ ਹੈ, ਨਹੀਂ ਤਾਂ ਅਸੀਂ ਹਮੇਸ਼ਾ ਉਸੇ ਥਾਂ 'ਤੇ ਰਹਾਂਗੇ ਅਤੇ ਪਰਮੇਸ਼ੁਰ ਦੇ ਪਹਾੜ 'ਤੇ ਜਾਣਾ ਅਸੰਭਵ ਹੋ ਜਾਵੇਗਾ।

### (ਅ) ਰੋਸ਼ਨੀ ਪਰਿਵਰਤਨ ਹੈ!

ਅੰਮ੍ਰਿਤ ਵੇਲੇ ਦਾ ਅਰਥ ਹੈ ਯਿਸੂ ਮਸੀਹ ਵਿੱਚ ਉਪਲਬਧ ਪਰਿਵਰਤਨ। ਰੋਸ਼ਨੀ ਦੀ ਇੱਕ ਝਲਕ ਨੇ ਸ਼ਾਊਲ ਨੂੰ ਪੌਲੁਸ ਵਿੱਚ ਬਦਲ ਦਿੱਤਾ। ਰੋਸ਼ਨੀ ਇੱਕ ਖੁਸਮਾਚਾਰ ਹੈ, ਪ੍ਰਮੇਸ਼ਵਰ ਨੇ ਕਿਹਾ, ਕਿਉਂ ਜੋ ਪਰਮੇਸ਼ੁਰ ਜਿਹ ਨੇ ਆਖਿਆ ਸੀ ਜੋ ਅਨ੍ਹੇਰਿਓਂ ਚਾਨਣ ਚਮਕੇ ਉਹ ਸਾਡਿਆਂ ਮਨਾਂ ਵਿੱਚ ਚਮਕਿਆ

(ਚਲਦਾ ਸਫਾ 9 ਤੇ)

ਨਹਮਯਾਹ ਬਾਈਬਲ ਸ਼ਾਮ ਦਾ ਕਾਲਜ

ਚੇਪੌਕ ਅਤੇ ਸੰਤੋਸ਼ਪੁਰਮ, ਚੇਨਈ

ਮਾਧਿਅਮ- ਤਾਮਿਲ

Registered Candidate for Membership
Asia Theological Association (ATA)

ਅੰਤਰਰਾਸ਼ਟਰੀ ਮਸੀਹੀ ਲੀਡਰਾਂ ਅਰ ਸੀਨੀਅਰ ਪਾਸਬਾਨਾਂ ਦੁਆਰਾ ਪੜ ਸਾਲਾਂ ਤੋਂ ਮਾਨਤਾ ਪ੍ਰਾਪਤ

ਥਿਆਲੋਜੀਕਲ ਸਰਟੀਫਿਕੇਟ ਕੋਰਸ: ਇੱਕ ਸਾਲ
ਥਿਆਲੋਜੀਕਲ ਡਿਪਲੋਮਾ ਕੋਰਸ: ਦੋ ਸਾਲ

ਯੋਗਤਾ: ਦਸਵੀਂ ਅਰ ਉਸਤੋਂ ਵੱਧ
ਦਾਖਲੇ ਲਈ ਛੇਤੀ ਕਰੋ

Contact : The Chairman, Nehemiah Bible College.
10, MOHAMMED ABDULLAH 2ND STREET, BELLS ROAD, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

## ਕਿਰਪਾ ਕਰਕੇ ਸਾਡੇ ਮੁੱਖ ਦਫਤਰ ਦੀਆਂ ਸੇਵਾਕਾਈਆਂ ਲਈ ਪ੍ਰਾਰਥਨਾ ਕਰੋ

1. ਪ੍ਰਾਰਥਨਾ ਸਭਾ : 24 ਘੰਟੇ
2. ਬਾਈਬਲ ਕੋਰ - ਬਾਈਬਲ ਪੱਤਰਵਿਵਹਾਰ ਕੋਰਸ : ਅੰਗਰੇਜੀ, ਤਮਿਲ ਅਤੇ ਹਿੰਦੀ
3. ਬੁਲਾਵੇ ਦੀ ਗੂੰਜ - ਮਹੀਨੇਵਾਰ ਪੱਤ੍ਰਿਕਾ :ਅੰਗਰੇਜੀ, ਤਾਮਿਲ, ਮਲਿਆਲਮ, ਤੇਲਗੂ, ਹਿੰਦੀ, ਕੰਨੜਾ, ਮਰਾਠੀ, ਗੁਜਰਾਤੀ, ਬੰਗਾਲੀ, ਉੜੀਆ, ਨੇਪਾਲੀ, ਅਸਾਮੀ, ਪੰਜਾਬੀ ਉਰਦੂ, ਸਿਨਹਾਲਾ ਅਤੇ ਅਫਰੀਕਨ
4. ਨਹੇਮੀਆਹ ਬਾਈਬਲ ਕਾਲਜ (ਦੋ ਸੈਂਟਰ- ਸ਼ਾਮ/ ਰਿਹਾਇਸ਼ੀ)
5. ਥਿਓਲੋਜਿਕਲ ਪੱਤਰਵਿਵਹਾਰ ਕਾਲਜ ਅੰਗਰੇਜੀ ਅਤੇ ਤਾਮਿਲ
6. ਮਹਾਨ ਉਦੇਸ਼ ਸਹਿਭਾਗੀ
7. ਟ੍ਰੇਨਿੰਗ ਪ੍ਰੋਗਰਾਮ
8. ਕਰੂਸੇਡ
9. ਲਿਟਰੇਚਰ ਵੰਡਣਾ ਅਤੇ ਫਾਲੋਅਪ
10. ਇੰਜੀਲ ਦੀ ਪ੍ਰਿੰਟਿਗ ਪ੍ਰੈੱਸ : ਪ੍ਰਕਾਸ਼ਨ
11. ਸੰਤ ਪੌਲੁਸ ਮੈਟ੍ਰੀਕੁਲੇਸ਼ਨ ਸਕੂਲ - ਵਿਲੇਜ ਇੰਗਲਿਸ਼ ਹਾਈ ਸਕੂਲ
12. ਸੰਡੇ ਸਕੂਲ : ਸਵੇਰੇ 8.30 ਅਤੇ ਸ਼ਾਮ 4 ਵਜੇ
13. ਤਾਮਿਲ ਸਭਾ : ਸਵੇਰੇ 9.00 ਐਤਵਾਰ
14. ਹਿੰਦੀ : ਸ਼ਾਮ 4.00 ਐਤਵਾਰ
15. ਤੇਲਗੂ ਸਭਾ : ਸ਼ਾਮ 5.00 ਐਤਵਾਰ
16. ਅੰਗਰੇਜੀ ਅਤੇ ਤਾਮਿਲ : ਸ਼ਾਮ 6.00 ਐਤਵਾਰ
17. ਪਾਸਟਰ ਕੌਂਸਲਿੰਗ : ਸ਼ਾਮ 4.00 ਐਤਵਾਰ
18. ਔਰਤਾਂ ਲਈ ਪ੍ਰਾਰਥਨਾ : ਸ਼ਾਮ 5.30 ਬੁੱਧਵਾਰ
19. ਮੱਧ ਹਫਤੇ ਵਿੱਚ ਬਾਈਬਲ ਅਧਿਅਨ : ਸ਼ਾਮ 6.30 ਬੁੱਧਵਾਰ
20. ਆਦਮੀਆਂ ਲਈ ਪ੍ਰਾਰਥਨਾ : ਸ਼ਾਮ 7.00 ਸ਼ੁੱਕਰਵਾਰ
21. ਚੇਲੇਪਨ ਦੀ ਸਭਾ : ਸ਼ਾਮ 5.00 ਸ਼ਨੀਵਾਰ
22. ਘਰੇਲੂ ਪ੍ਰਾਰਥਨਾ : ਸ਼ਾਮ 6.30 ਮੰਗਲਵਾਰ ਅਤੇ ਵੀਰਵਾਰ
23. ਖਾਸ ਪ੍ਰਭੂ ਭੋਜ : ਸਵੇਰੇ 6.00 ਹਰ ਮਹੀਨੇ ਦੇ ਪਹਿਲੇ ਦਿਨ
24. ਸੇਵਕਾਂ ਦਾ ਨਿਰੀਖਣ ਸਭਾ : 5.30 ਪਹਿਲੇ ਸ਼ਨੀਵਾਰ
25. ਮਾਪਿਆਂ ਲਈ ਪ੍ਰਾਰਥਨਾ : ਸ਼ਾਮ 4.00 ਪਹਿਲੇ ਐਤਵਾਰ
26. ਰਾਤ ਦੀ ਪ੍ਰਾਰਥਨਾ : ਸ਼ਾਂਮ 9.30 ਦੂਜੇ ਸ਼ੁਕਰਵਾਰ
27. ਰੋਜਾ ਪ੍ਰਾਰਥਨਾ : ਸ਼ਾਮ 9.30 ਪਹਿਲੇ ਸ਼ਨੀਵਾਰ
28. ਪ੍ਰਭੂ ਭੋਜ : ਦੂਜੇ ਐਤਵਾਰ ਦੀ ਸਭਾ
29. Youth / Kid Prayer : 10.00 p.m. daily
30. ਸਟਾਫ ਦੀ ਅਰਾਧਨਾ : ਸਵੇਰੇ 9.00 ਰੋਜਾਨਾ
31. ਦਫਤਰ : ਸਵੇਰੇ 9.00 ਤੋਂ ਸ਼ਾਮ 9.00 (ਐਤਵਾਰ ਛੱਡ ਕੇ)

## Echo of His Call Postal Courses for candidates in India only

### 1. BIBLECOR

We offer Postal Course on Basic Truths of The Bible to new Christians and non-Christians in English – 57 pages, Hindi – 76 pages & Tamil – 96 pages. You will get a course book entitled **New Life – For You!** **After the completion of this course, you will get a certificate. There will be no compulsory fees. You will be blessed!**

### 2. THEOLOGICAL CORRESPONDENCE COURSE

Advanced Distance Education called **Theological Correspondence Course** is available in English – 537 pages and Tamil – 652 pages for Pastors, Evangelists, Christian Leaders and for lay people who have passion to do God's Ministry! A fee of Rs. 1000/- is charged. 7 Books with 149 Chapters are supplied. **Certificate in Ministry** will be awarded. **God will bless you!**

*For more details, write to us.*

**The Chairman, Nehemiah Bible College,**
**Echo of His Call, Post Box 2957**
CHEPAUK, CHENNAI - 600 005.
**Ph.: (044) 2852 8282, 2852 9293, 2854 7766,**
**Cell : 98410 71852, 95661 31858**
**E.mail : biblecor@yahoo.co.in**

## WANTED

1. Office Staff with Computer Knowledge
2. Security, House Keeping & Cooks

**Echo of His Call,**
Chepauk, Chennai - 05.
Telephone Numbers :
044 -2852 8282, 2852 9293, 2854 7766, +91 97908 05460

## ਆਮਦਨ ਕਰ ਵਿੱਚ ਛੋਟ ਵਾਲੇ ਦਾਨ

ਕਿਸੇ ਵਿਅਕਤੀ ਜਾਂ ਸੰਸਥਾ ਦੁਆਰਾ Echo of His Call Educational Trust ਨੂੰ ਭੇਜੇ ਗਏ ਦਾਨ ਧਾਰਾ 80G ਦੇ ਅੰਤਰਗਤ ਆਮਦਨ ਕਰ ਵਿੱਚ ਛੋਟ ਦੇ ਹੱਕਦਾਰ ਹਨ। ਇਸ ਵਾਸਤੇ ਦਫਤਰੀ ਰਸੀਦ ਵੀ ਦਿੱਤੀ ਜਾਵੇਗੀ। ਕਿਰਪਾ ਕਰਕੇ ਆਪਣੇ ਦਾਨ ਚੈਕ, ਡਿਮਾਂਡ ਡਰਾਫਟ ਜਾਂ ਮਨੀ ਆਡਰ ਦੁਆਰਾ Echo of His Call Educational Trust ਦੇ ਪਤੇ ਤੇ ਭੇਜੋ। ਤੁਸੀਂ ਆਪਣੇ ਦਾਨ ਹੇਠਲੇ ਬੈਂਕ ਖਾਤੇ ਵਿੱਚ ਵੀ ਭੇਜ ਸਕਦੇ ਹੋ:

| | | |
|---|---|---|
| **Account Name** | : | **ECHO OF HIS CALL EDUCATIONAL TRUST** |
| **Account Number** | : | **1023 2923 805** |
| **Bank Name** | : | **STATE BANK OF INDIA** |
| **Branch** | : | **TRIPLICANE, CHENNAI - 600 005** |
| **IFSC Code** | : | **SBIN 0000249** |
| **SWIFT Code** | : | **SBI NIN BB 455** |



# ਟੋਏ ਤੋਂ ਮਹੱਲ ਤੱਕ

## PIT TO PALACE

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜਿੰਦਗੀ ਦੇ ਅਨੁਭਵ)

**"ਜਿਹੜਾ ਪੜ੍ਹੇ, ਉਹ ਸਮਝੇ"** (ਮੱਤੀ ੨੪:੧੫)

## ਪ੍ਰਮੇਸ਼ਵਰ ਦੀ ਕਿਰਪਾ

## GRACE OF GOD!

"ਯਹੋਵਾਹ ਗਰੀਬ ਨੂੰ ਖ਼ਾਕ ਵਿੱਚੋਂ ਚੁੱਕਦਾ ਹੈ ਅਤੇ ਕੰਗਾਲ ਨੂੰ ਰੂੜੀ ਵਿੱਚੋਂ ਕੱਢਦਾ ਹੈ ਜੋ ਉਹ ਨੂੰ ਪਤਵੰਤਾਂ ਵਿੱਚ ਬਿਠਾਵੇ ਅਤੇ ਪਰਤਾਪ ਦੀ ਗੱਦੀ ਦਾ ਵਾਰਸ ਬਣਾਵੇ..." 1 ਸਮ`ਲ 2:8

ਇਹ ਇੱਕ ਸੁੰਦਰ ਸਵੇਰ ਸੀ! ਉਸ ਐਤਵਾਰ ਦੀ ਸਵੇਰ ਨੂੰ, ਮੇਰੇ ਦਾਦਾ, ਦਾਦੀ, ਮਾਂ, ਪਿਤਾ ਅਤੇ ਸਾਰੇ ਬੱਚੇ ਤਿਆਰ ਹੋ ਕੇ ਨੇਲਾਰਾਈਕੋਨਮ ਨਾਮਕ ਦੱਖਣੀ ਭਾਰਤ ਦੇ ਇੱਕ ਬਹੁਤ ਹੀ ਛੋਟੇ ਜਿਹੇ ਪਿੰਡ ਵਿੱਚ ਚਰਚ ਵੱਲ ਖੁਸ਼ੀ ਨਾਲ ਜਾ ਰਹੇ ਸਨ। ਮੈਂ 12 ਸਾਲ ਦਾ ਸੀ ਅਤੇ ਸਾਰਿਆਂ ਨੂੰ ਦੇਖ ਰਿਹਾ ਸੀ। ਉਨ੍ਹਾਂ ਵਿੱਚੋਂ ਹਰੇਕ ਕੋਲ ਕੋਈ ਨਾ ਕੋਈ ਵਿਸ਼ੇਸ਼ ਯੋਗਤਾ ਸੀ। ਮੈਂ ਮਹਿਸੂਸ ਕੀਤਾ ਕਿ ਮੇਰੇ ਵਿੱਚ ਕੁਝ ਵੀ ਖਾਸ ਨਹੀਂ ਸੀ। ਮੈਂ ਚਰਚ ਵਿੱਚ ਪ੍ਰਭੂ ਯਿਸੂ ਮਸੀਹ ਦੀ ਅਰਾਧਨਾ ਕਰ ਰਿਹਾ ਸੀ। ਉਸ ਸਮੇਂ ਮੇਰੇ ਅੰਦਰ ਇੱਕ ਵੱਡਾ ਸਵਾਲ ਖੜ੍ਹਾ ਹੋ ਗਿਆ। ਪ੍ਰਭੂ ਯਿਸੂ ਮਸੀਹ ਨੇ ਆਪਣੀਆਂ ਸਾਰੀਆਂ ਸਵਰਗੀ 'ਯੋਗਤਾਵਾਂ' ਨੂੰ ਤਿਆਗ ਦਿੱਤਾ ਅਤੇ ਸਾਰੀ ਮਨੁੱਖਜਾਤੀ ਨੂੰ ਇਹ ਮਹਾਨ ਨਵਾਂ ਜੀਵਨ ਦੇਣ ਲਈ ਇਸ ਸੰਸਾਰ ਵਿੱਚ ਆਇਆ। ਮੈਂ ਆਪਣੇ ਆਪ ਨੂੰ ਪੁੱਛਿਆ, "ਫਿਰ ਕਿਉਂ ਨਾ ਮੈਂ ਆਪਣੇ ਪਾਦਰੀ ਵਾਂਗ ਰੱਬ ਦਾ ਸੇਵਕ ਬਣ ਜਾਵਾਂ?" ਪ੍ਰਭੂ ਯਿਸੂ ਮਸੀਹ ਨੇ ਮੇਰੇ ਨਾਲ ਬਹੁਤ ਸਪੱਸ਼ਟ ਤੌਰ 'ਤੇ ਗੱਲ ਕੀਤੀ ਜਦੋਂ ਮੈਂ ਉਸ ਦਿਨ ਉਸ ਚਰਚ ਵਿੱਚ ਸੀ।

ਉਸ ਦਿਨ, ਪਾਦਰੀ ਸਾਹਬ ਨੇ ਨਬੀ ਸਮੂਏਲ ਬਾਰੇ ਗੱਲ ਕੀਤੀ। ਉਨ੍ਹਾਂ ਨੇ 1 ਸੈਮੂਅਲ ਉਸਦੇ 3 ਅਧਿਆਇ ਤੋਂ ਗੱਲ ਕੀਤੀ।

1 ਸਮੂਏਲ 3: 1-4 ਵਿੱਚ, ਅਸੀਂ ਪੜ੍ਹਦੇ ਹਾਂ ਕਿ ਉਹਨਾਂ ਦਿਨਾਂ ਵਿੱਚ ਪ੍ਰਭੂ ਦਾ ਦਰਸ਼ਨ ਦੁਰਲੱਭ ਸੀ ਅਤੇ ਕੋਈ ਵਿਆਪਕ ਪ੍ਰਕਾਸ਼ਨ ਨਹੀਂ ਸੀ। ਇਹ ਅਜਿਹੇ ਸਮੇਂ ਦੌਰਾਨ ਸੀ, ਸਮੂਏਲ ਨੇ ਹੈਕਲ ਵਿਚ ਜਾਜਕ ਏਲੀ ਦੀ ਸੇਵਾ ਕੀਤੀ। ਇਕ ਰਾਤ ਉਹ ਸੌਣ ਲਈ ਗਿਆ। ਉਸ ਸਮੇਂ ਪਰਮੇਸ਼ੁਰ ਨੇ ਸਮੂਏਲ ਨੂੰ ਬੁਲਾਇਆ। ਪਾਦਰੀ ਸਾਹਬ ਇਸ ਘਟਨਾ ਬਾਰੇ ਪ੍ਰਚਾਰ ਕਰ ਰਹੇ ਸਨ ਅਤੇ ਉਸਦੇ ਜੀਵਨ ਦੀ ਸੱਚਾਈ ਦੱਸ ਰਹੇ ਸਨ ਕਿ ਪ੍ਰਮੇਸ਼ਵਰ ਨੇ ਉਸ ਲੜਕੇ ਸੈਮੂਅਲ ਨੂੰ ਇਜ਼ਰਾਈਲ ਵਿੱਚ ਨਿਆਂਈਂ ਅਤੇ ਇੱਕ ਮਹਾਨ ਨਬੀ ਵਜੋਂ ਵੀ ਉੱਚਾ ਕੀਤਾ ਹੈ।

ਇਹ ਸ਼ਬਦ ਮੇਰੇ ਲਈ ਬਹੁਤ ਮਹੱਤਵਪੂਰਨ ਸਨ ਅਤੇ ਇਹ ਮੇਰੇ ਜੀਵਨ ਦਾ ਕੇਂਦਰ ਬਿੰਦੂ ਬਣ ਗਏ ਜਿਨ੍ਹਾਂ ਨਾਲ ਮੇਰੀ ਜ਼ਿੰਦਗੀ ਚੱਲਣ ਲੱਗੀ।

1. ਮੈਂ ਆਪਣੇ ਚਰਚ ਅਤੇ ਲੋਕਾਂ ਨੂੰ ਪਿਆਰ ਕਰਦਾ ਸੀ। ਮੈਂ ਹਰ ਸ਼ਨੀਵਾਰ ਚਰਚ ਜਾਣਾ ਅਤੇ ਜਗ੍ਹਾ ਦੀ ਸਫਾਈ ਕਰਨੀ ਅਤੇ ਕੁਰਸੀਆਂ ਅਤੇ ਬੈਂਚਾਂ ਨੂੰ ਸਾਫ਼ ਕਰਨਾ ਸ਼ੁਰੂ ਕਰ ਦਿੱਤਾ। ਮੈਨੂੰ ਚਰਚ ਦੇ ਵਿਹੜੇ ਦੀ ਸਫ਼ਾਈ ਕਰਨ ਵਿੱਚ ਵੀ ਦਿਲਚਸਪੀ ਸੀ। ਮੈਂ ਢੋਲ, ਖੰਜਰੀ ਅਤੇ ਹਾਰਮੋਨੀਅਮ ਵਰਗੇ ਸਾਜ਼ਾਂ ਨੂੰ ਸਹੀ ਥਾਂ 'ਤੇ ਰੱਖਿਆ। ਬਾਅਦ ਵਿੱਚ, ਮੈਂ "ਗੁੱਡ ਨਿਊਜ਼ ਪ੍ਰਾਰਥਨਾ ਬੈਂਡ" ਨਾਮਕ ਇੱਕ ਸਮੂਹ ਦਾ ਆਯੋਜਨ ਕੀਤਾ ਅਤੇ ਚਰਚ ਦੇ ਰੱਖ-ਰਖਾਅ ਅਤੇ ਸੇਵਕਾਈਆਂ ਵਿੱਚ ਸਾਡੇ ਚਰਚ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ।

2. ਮੈਂ ਆਪਣੇ ਪਾਸਬਾਨਾਂ ਨੂੰ ਆਪਣੀ ਮਦਦ ਦੀ ਪੇਸ਼ਕਸ਼ ਵੀ ਕਰਦਾ ਸੀ। ਮੈਂ ਉਨ੍ਹਾਂ ਦੇ ਬੈਗ ਚੁੱਕਦਾ, ਉਨ੍ਹਾਂ ਦੀਆਂ ਜੁੱਤੀਆਂ ਸਾਫ਼ ਕਰਦਾ ਅਤੇ ਆਪਣੇ ਘਰੋਂ ਨਾਸ਼ਤਾ, ਦੁਪਹਿਰ ਦਾ ਖਾਣਾ ਅਤੇ ਰਾਤ ਦਾ ਖਾਣਾ ਲਿਜਾ ਕੇ ਉਨ੍ਹਾਂ ਨੂੰ ਦਿੰਦਾ ਅਰ ਉਨ੍ਹਾਂ ਦੀ ਸੇਵਾ ਕਰਦਾ। ਇਸ ਤਰ੍ਹਾਂ, ਮੈਂ ਆਪਣੇ ਪਾਸਟਰ ਅਤੇ ਪਰਮੇਸ਼ੁਰ ਦੇ ਹੋਰ ਸੇਵਕਾਂ ਦੀ ਸੇਵਾ ਕਰ ਰਿਹਾ ਸੀ।

3. ਮੈਂ ਆਪਣੇ ਚਰਚ ਦੇ ਮੈਂਬਰਾਂ ਨਾਲ ਵੀ ਚੰਗਾ ਵਿਹਾਰ ਕਰਦਾ ਸੀ। ਮੈਂ ਉਨ੍ਹਾਂ ਸਾਰਿਆਂ ਦਾ ਚੰਗਾ ਭਰਾ ਸੀ ਅਤੇ ਮੈਂ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਵੀ ਕਰਦਾ ਸੀ।

ਭਾਵੇਂ ਮੇਰਾ ਸੇਵਾ ਕਰਨ ਵਾਲਾ ਸੁਭਾਅ ਚੰਗਾ ਸੀ, ਪਰ ਮੈਂ ਬੋਲਣ ਵਿੱਚ ਕਮਜ਼ੋਰ ਸੀ ਅਤੇ ਮੇਰੀ ਯਾਦਦਾਸ਼ਤ ਵੀ ਘੱਟ ਗਈ ਸੀ। ਮੈਂ ਬਹੁਤ ਪੜ੍ਹਿਆ-ਲਿਖਿਆ ਨਹੀਂ ਸੀ ਅਤੇ ਮੈਨੂੰ ਪਤਾ ਸੀ ਕਿ ਮੇਰੇ ਦੋਸਤਾਂ ਦੇ ਮੁਕਾਬਲੇ ਮੇਰੇ ਕੋਲ ਬਹੁਤ ਘੱਟ ਪ੍ਰਤਿਭਾ ਅਤੇ ਤੋੜੇ ਸਨ।

ਮੇਰੀ ਉਮਰ ਦੇ ਮੇਰੇ ਦੋਸਤ ਚੰਗੇ-ਸਥਾਪਤ ਕਾਲਜਾਂ ਵਿੱਚ ਪੜ੍ਹਨ ਗਏ, ਵਿਸ਼ੇਸ਼ ਕੋਚਿੰਗ ਲਈ ਗਏ, ਕਈ ਭਾਸ਼ਾਵਾਂ ਸਿੱਖੀਆਂ, 'ਕਰਾਟੇ' ਸਿੱਖ ਕੇ ਆਪਣਾ ਹੁਨਰ ਵਿਕਸਿਤ ਕੀਤਾ ਅਤੇ ਆਪਣੇ ਗਿਆਨ ਨੂੰ ਵਿਕਸਿਤ ਕਰਨ ਲਈ ਕਈ ਹੋਰ ਸੰਸਥਾਵਾਂ ਵਿੱਚ ਵੀ ਗਏ। ਪਰ ਰੱਬ ਨੇ ਮੈਨੂੰ ਚਰਚ ਵਿਚ ਸੇਵਾ ਕਰਨ ਦੀ ਯੋਗਤਾ ਪ੍ਰਦਾਨ ਕੀਤੀ ਸੀ ਅਤੇ ਪਰਮੇਸ਼ੁਰ ਦੇ ਸੇਵਕਾਂ ਨੂੰ ਵੀ.

ਯਹੋਵਾਹ ਪਰਮੇਸ਼ੁਰ ਨੇ ਮੈਨੂੰ ਨੀਵੇਂ ਪੱਧਰ ਤੋਂ ਉਵੇਂ ਹੀ ਉੱਚਾ ਕੀਤਾ ਜਿਵੇਂ ਉਸਨੇ ਸਮੂਏਲ ਨੂੰ ਚੁੱਕਿਆ ਸੀ। ਲਗਭਗ 23 ਸਾਲਾਂ ਦੇ ਇੱਕ ਜ਼ਿੰਮੇਵਾਰ ਅਤੇ ਵਫ਼ਾਦਾਰ ਸਰਕਾਰੀ ਕਰਮਚਾਰੀ ਵਜੋਂ ਮੇਰੇ ਕਾਰਜਕਾਲ ਦੌਰਾਨ, ਪ੍ਰਮੇਸ਼ਵਰ ਦੀ ਯੋਗ ਮੌਜੂਦਗੀ ਹਮੇਸ਼ਾਂ ਮੇਰੇ ਨਾਲ ਰਹੀ। ਇਸਦਾ ਸਬੂਤ ਇਹ ਸੀ ਕਿ ਸਰਕਾਰ ਪ੍ਰਤੀ ਮੇਰੀਆਂ ਸੇਵਾਵਾਂ ਦੀ ਪ੍ਰਸ਼ੰਸਾ ਵਜੋਂ ਮੈਨੂੰ ਆਪਣੀ ਸੇਵਕਾਈ ਕਰਨ ਦੀ ਵੀ ਵਿਸ਼ੇਸ਼ ਇਜਾਜ਼ਤ ਦਿੱਤੀ ਗਈ ਸੀ।

ਪ੍ਰਮੇਸ਼ਵਰ ਨੇ ਮੈਨੂੰ ਦੋਨਾਂ ਕੰਮਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੀ ਤਾਕਤ ਦਿੱਤੀ ਅਤੇ ਮੈਂ ਇਸ ਨੂੰ ਅਜੂਬਿਆਂ ਦਾ ਅਜੂਬਾ ਸਮਝਦਾ ਹਾਂ!

ਸਮੂਏਲ ਚਰਚ ਨੂੰ ਪਿਆਰ ਕਰਦਾ ਸੀ ਅਤੇ ਪਰਮੇਸ਼ੁਰ ਦੇ ਸੇਵਕ ਦੀ ਸੇਵਾ ਕਰਨਾ ਇੱਕ ਸਨਮਾਨ ਸਮਝਦਾ ਸੀ। ਇਸ ਲਈ, ਪਰਮੇਸ਼ੁਰ ਨੇ ਉਸਨੂੰ ਆਤਮਿਕ ਖੇਤਰ ਵਿੱਚ ਇੱਕ ਮਹਾਨ ਨਬੀ ਅਤੇ ਇਜ਼ਰਾਈਲ ਦੀ ਧਰਤੀ ਵਿੱਚ ਇੱਕ ਮਹਾਨ ਨਿਆਂਈਂ ਵਜੋਂ ਉਭਾਰਿਆ।

ਜੇਕਰ ਤੁਸੀਂ ਵੀ ਆਪਣੇ ਚਰਚ ਅਤੇ ਆਪਣੇ ਪਾਦਰੀ ਦਾ ਆਦਰ ਕਰਦੇ ਹੋ ਅਤੇ ਸੇਵਾ ਕਰਦੇ ਹੋ, ਤਾਂ ਤੁਸੀਂ ਨਿਸ਼ਚਤ ਤੌਰ 'ਤੇ ਇੱਕ ਮਹਾਨ ਉੱਚਾਈ 'ਤੇ ਪਹੁੰਚ ਜਾਓਗੇ।

**********

(ਚਲਦਾ ਸਫਾ 6 ਤੋਂ)

ਭਈ ਪਰਮੇਸ਼ੁਰ ਦੇ ਤੇਜ ਦਾ ਗਿਆਨ ਮਸੀਹ ਦੇ ਮੁਖ ਵਿੱਚ ਪਰਕਾਸ਼ ਕਰੇ- 2 ਕੁਰਿੰਥੀਆਂ 4:6। ਰੋਸ਼ਨੀ ਪ੍ਰਮੇਸ਼ਵਰ ਦੀ ਮਹਿਮਾ ਹੈ, ਜਦੋਂ ਇਹ ਚਮਕਦੀ ਹੈ, ਇਹ ਬਦਲ ਕੇ ਰੱਖ ਦਿੰਦੀ ਹੈ। "ਅਸੀਂ ਸਭ ਅਣਕੱਜੇ ਮੁਖ ਨਾਲ ਪ੍ਰਭੁ ਦੇ ਤੇਜ ਦਾ ਮਾਨੋ ਸ਼ੀਸੇ ਵਿੱਚ ਪ੍ਰਤਿਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੁ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ" (2 ਕੁਰਿੰਥੀਆਂ 3:18)। ਪਰਮੇਸ਼ੁਰ ਦਾ ਬਚਨ ਕਿਸੇ ਵੀ ਮਨੁੱਖ ਨੂੰ ਬਦਲ ਸਕਦਾ ਹੈ।

ਰੋਸ਼ਨੀ ਇੱਕ ਪਰਿਵਰਤਨ ਕਰਨ ਵਾਲੀ ਸਮਰੱਥ ਹੈ। ਖੁਸ਼ਖਬਰੀ ਦਾ ਸੁਣਾਇਆ ਜਾਣਾ ਰੋਸ਼ਨੀ ਲਿਆਉਂਦਾ ਹੈ। ਅਸੀਂ ਚਰਚ ਵਿਚ ਪ੍ਰਚਾਰ ਕਿਉਂ ਕਰਦੇ ਹਾਂ? ਅਸੀਂ ਚਰਚ ਵਿਚ ਇਕ ਘੰਟਾ ਕਿਉਂ ਬੈਠ ਕੇ ਸੁਣਦੇ ਹਾਂ? ਇਹ ਕੋਈ ਜਾਣਕਾਰੀ ਨਹੀਂ ਹੈ। ਇਹ ਕੋਈ ਦਿਮਾਗੀ ਗਿਆਨ ਨਹੀਂ ਹੈ। ਇਹ ਸਾਨੂੰ ਬਦਲਦਾ ਹੈ। ਅੰਮ੍ਰਿਤ ਵੇਲਾ ਮਸੀਹ ਵਰਗਾ ਬਣਨਾ ਹੈ। ਆਓ ਅਸੀਂ ਪਰਿਵਰਤਿਤ ਹੋ ਜਾਈਏ।

ਮੈਂ ਦਿਲੋਂ ਪ੍ਰਾਰਥਨਾ ਕਰਦੀ ਹਾਂ ਕਿ ਪ੍ਰਮੇਸ਼ਵਰ ਆਵੇ ਅਤੇ ਅੰਮ੍ਰਿਤ ਵੇਲੇ ਸਾਡੀ ਮਦਦ ਕਰੇ। ਆਓ ਅਸੀਂ ਅੰਮ੍ਰਿਤ ਵੇਲੇ ਨੂੰ ਹਾਸਲ ਕਰੀਏ।ਅੰਮ੍ਰਿਤ ਵੇਲੇ 'ਤੇ ਇੱਕ ਮਹਾਨ ਸ਼ਕਤੀ ਹੈ ਕੰਮ ਕਰਦੀ ਹੈ। ਯਿਸੂ ਨੇ ਅੰਮ੍ਰਿਤ ਵੇਲੇ ਮੌਤ ਦੇ ਬੰਧਨ ਨੂੰ ਤੋੜ ਦਿੱਤਾ। ਯਿਸੂ ਕਬਰ ਵਿੱਚੋਂ ਬਾਹਰ ਆਇਆ। ਯਿਸੂ ਨੇ, ਜੋ ਖੁਦ ਪ੍ਰਕਾਸ਼ ਸੀ, ਅੰਮ੍ਰਿਤ ਵੇਲੇ ਨੂੰ ਕਬਰ 'ਚੋਂ ਬਾਹਰ ਆਉਣ ਲਈ ਚੁਣਿਆ। ਇਹ ਇੱਕ ਸ਼ਕਤੀਸ਼ਾਲੀ ਸੱਚਾਈ ਹੈ। ਸਾਡਾ ਨਵਾਂ ਨੇਮ ਅੰਮ੍ਰਿਤ ਵੇਲੇ 'ਤੇ ਅਧਾਰਤ ਹੈ। ਸਾਡੀ ਪੁਨਰ-ਉਥਾਨ ਦੀ ਕਹਾਣੀ ਅੰਮ੍ਰਿਤ ਵੇਲੇ 'ਤੇ ਵਾਪਰਦੀ ਹੈ। ਪ੍ਰਮੇਸ਼ਵਰ ਦਾ ਹਰ ਵਾਅਦਾ ਅੰਮ੍ਰਿਤ ਵੇਲੇ ਹੀ ਹਾਂ ਅਤੇ ਆਮੀਨ ਹੈ।ਅਤੇ ਜੇ ਮਸੀਹ ਨਹੀਂ ਜੀ ਉੱਠਿਆ ਤਾਂ ਸਾਡਾ ਪਰਚਾਰ ਥੋਥਾ ਹੈ ਅਤੇ ਤੁਹਾਡੀ ਨਿਹਚਾ ਥੋਥੀ ਹੈ (1 ਕੁਰਿੰਥੀਆਂ 15:14)। ਅੰਮ੍ਰਿਤ ਵੇਲੇ ਵਿੱਚ ਸ਼ਕਤੀ ਹੈ। ਇਹ ਅੰਮ੍ਰਿਤ ਵੇਲੇ ਦਾ ਸਾਲ ਹੈ।

ਅੰਤ ਵਿੱਚ, ਆਓ ਆਪਾਂ ਯਾਕੂਬ ਬਾਰੇ ਵਿਚਾਰ ਕਰੀਏ:

ਪਹਿਲਾ, ਬਾਈਬਲ ਕਹਿੰਦੀ ਹੈ ਕਿ ਯਾਕੂਬ ਨੇ ਅੰਮ੍ਰਿਤ ਵੇਲੇ ਤੱਕ ਪਰਮੇਸ਼ੁਰ ਨਾਲ ਕੁਸ਼ਤੀ ਕੀਤੀ ਅਤੇ ਉਦੋਂ ਹੀ ਉਸ ਨੇ ਆਪਣੀ ਸਫਲਤਾ ਪ੍ਰਾਪਤ ਕੀਤੀ।

"ਤਾਂ ਯਾਕੂਬ ਇੱਕਲਾ ਰਹਿ ਗਿਆ ਅਰ ਉਸ ਦੇ ਨਾਲ ਇੱਕ ਮਨੁੱਖ ਦਿਨ ਦੇ ਚੜ੍ਹਾਓ ਤੀਕ ਘੁਲਦਾ ਰਿਹਾ 25ਤਾਂ ਜਦ ਓਸ ਵੇਖਿਆ ਕਿ ਮੈਂ ਏਸ ਨੂੰ ਜਿੱਤ ਨਹੀਂ ਸੱਕਦਾ ਤਾਂ ਉਸ ਦੇ ਪੱਟ ਦੇ ਜੋੜ ਨੂੰ ਹੱਥ ਲਾ ਦਿੱਤਾ ਅਰ ਯਾਕੂਬ ਦੇ ਪੱਟ ਦਾ ਜੋੜ ਉਸ ਦੇ ਨਾਲ ਘੁਲਣ ਦੇ ਕਾਰਨ ਨਿਕੱਲ ਗਿਆ 26ਤਾਂ ਓਸ ਆਖਿਆ, ਮੈਨੂੰ ਜਾਣ ਦੇਹ ਕਿਉਂਜੋ ਦਿਨ ਚੜ੍ਹ ਗਿਆ ਹੈ" (ਉਤਪਤ 32:24-26)।

ਉਸ ਥਾਂ 'ਤੇ ਇਜ਼ਰਾਈਲ ਦੀ ਸਾਰੀ ਕੌਮ ਦਾ ਜਨਮ ਹੋਇਆ।ਅੰਮ੍ਰਿਤ ਵੇਲਾ ਬਹੁਤ ਸ਼ਕਤੀਸ਼ਾਲੀ ਹੈ। ਜੋ ਵੀ ਤੁਸੀਂ ਪ੍ਰਾਰਥਨਾ ਕਰ ਰਹੇ ਹੋ, ਉਦੋਂ ਤੱਕ ਪ੍ਰਾਰਥਨਾ ਕਰਦੇ ਰਹੋ ਜਦੋਂ ਤੱਕ ਤੁਹਾਨੂੰ ਜਵਾਬ ਨਹੀਂ ਮਿਲਦਾ; ਹਾਰ ਕੇ ਬੈਠ ਨਾ ਜਾਓ! ਪ੍ਰਾਰਥਨਾ ਕਰਦੇ ਰਹੋ ਅਤੇ ਯਾਕੂਬ ਵਾਂਗ ਕੁਸ਼ਤੀ ਕਰਦੇ ਰਹੋ ਅਤੇ ਅੰਮ੍ਰਿਤ ਵੇਲੇ ਤੁਹਾਨੂੰ ਸਫਲਤਾ ਮਿਲੇਗੀ।

ਦੂਜਾ, ਯਾਕੂਬ ਡਰਿਆ ਹੋਇਆ ਸੀ ਕਿ ਉਸ ਦਾ ਭਰਾ ਉਸ ਉੱਤੇ ਹਮਲਾ ਕਰ ਸਕਦਾ ਹੈ ਇਸ ਲਈ ਉਹ ਏਸਾਓ ਨੂੰ ਸ਼ਾਂਤੀ ਦੀਆਂ ਭੇਟਾਂ ਭੇਜਦਾ ਹੈ, ਇਹ ਸੋਚ ਕੇ ਕਿ ਉਸ ਦਾ ਗੁੱਸਾ ਸ਼ਾਂਤ ਹੋ ਜਾਵੇਗਾ। ਪਰ ਅਸਲ ਵਿੱਚ ਕੀ ਹੋਇਆ, ਪਰਮੇਸ਼ੁਰ ਨੇ ਬਿਨਾਂ ਕਿਸੇ ਸਮੱਸਿਆ ਦੇ ਦੋਹਾਂ ਭਰਾਵਾਂ ਵਿਚਕਾਰ ਸ਼ਾਂਤੀ ਅਤੇ ਸੁਲ੍ਹਾ ਕਰਵਾ ਦਿੱਤੀ। ਹਾਲਾਂਕਿ, ਯਾਕੂਬ ਦੇ ਪੱਟ ਦਾ ਜੋੜ ਨਿਕਲ ਗਿਆ ਸੀ। ਪਰ ਉਸ ਮੁਕਾਬਲੇ ਤੋਂ ਬਾਅਦ ਉਸ ਦੀ ਚਾਲ ਪਰਿਵਰਤਿਤ ਹੋ ਗਈ। ਪ੍ਰਮੇਸ਼ਵਰ ਨੂੰ ਸਾਡੇ ਜੀਵਨ ਵਿੱਚ ਕੰਮ ਕਰਨ ਦਿਓ, ਜਦੋਂ ਉਹ ਕੰਮ ਕਰੇਗਾ, ਤਾਂ ਸਾਡੀ ਚਾਲ ਬਦਲ ਜਾਵੇਗੀ। ਅਸੀਂ ਕਦੇ ਵੀ ਪਹਿਲਾਂ ਵਰਗੇ ਨਹੀਂ ਰਹਾਂਗੇ। ਯਾਦ ਰੱਖੋ ਕਿ ਅੰਮ੍ਰਿਤ ਵੇਲੇ ਹੀ ਇੱਕ ਨਵੇਂ ਰਾਸ਼ਟਰ ਦਾ ਨਿਰਮਾਣ ਹੋਇਆ ਸੀ ਅਤੇ ਤੁਹਾਡੇ ਅੰਮ੍ਰਿਤ ਵੇਲੇ ਵੀ ਇੱਕ ਨਵਾਂ ਮੌਸਮ ਆਵੇਗਾ!

ਮੇਰਾ ਮੰਨਣਾ ਹੈ ਕਿ ਇੱਕ ਵੱਡਾ ਪਰਿਵਰਤਨ ਹੋਣ ਜਾ ਰਿਹਾ ਹੈ। ਇੱਕ ਵੱਡੀ ਤਬਦੀਲੀ। ਜਿੱਥੇ ਬਹੁਤ ਜ਼ਿਆਦਾ ਚੁੱਪ-ਚਾਪ ਹੈ, ਹਨੇਰੇ ਦਾ ਰਾਜ ਹੈ। ਅੰਮ੍ਰਿਤ ਵੇਲੇ ਕੁਝ ਅਰੰਭ ਹੋਵੇਗਾ, ਇੱਕ ਨਵਾਂ ਅਧਿਆਏ, ਸਫਲਤਾ ਦਾ ਇੱਕ ਨਵਾਂ ਸੀਜ਼ਨ। ਵਿਅਕਤੀਗਤ ਤੌਰ 'ਤੇ, ਇੱਕ ਪਰਿਵਾਰ ਦੇ ਰੂਪ ਵਿੱਚ, ਇੱਕ ਚਰਚ ਵਜੋਂ, ਰਾਸ਼ਟਰ ਵਜੋਂ, ਕੁਝ ਟੁੱਟਣ ਅਤੇ ਹਟਣ ਜਾ ਰਿਹਾ ਹੈ।

ਪਰ ਪਹਿਲਾਂ ਸਾਨੂੰ ਟੁੱਟਣ ਦੀ ਲੋੜ ਹੈ। ਜਦੋਂ ਤੱਕ ਅਸੀਂ ਨਹੀਂ ਟੁੱਟਾਂਗੇ ਅਸੀਂ ਅੰਦਰ ਨਹੀਂ ਜਾਵਾਂਗੇ। ਜਿਸ ਤਰ੍ਹਾਂ ਇੱਕ ਮੁਰਗੀ ਠੀਕ ਮੌਸਮ ਵਿਚ, ਸਹੀ ਤਾਪਮਾਨ 'ਤੇ, ਅੰਡਿਆਂ ਉੱਪਰ ਬੈਠਦੀ ਹੈ, ਅੰਡੇ ਫਟ ਜਾਂਦੇ ਹਨ ਅਤੇ ਜੀਵਨ ਬਾਹਰ ਨਿਕਲਦਾ ਹੈ। ਜਦੋਂ ਤੱਕ ਅਸੀਂ ਨਹੀਂ ਜਾਣਦੇ ਕਿ ਕਿਵੇਂ ਤੋੜਨਾ ਹੈ ਅਸੀਂ ਜਨਮ ਨਹੀਂ ਦੇ ਸਕਦੇ। ਅੰਮ੍ਰਿਤ ਵੇਲੇ ਰੋਸ਼ਨੀ ਆਉਂਦੀ ਹੈ ਪਰੰਤੂ ਰੌਸ਼ਨੀ ਦਾ ਬਾਹਰ ਨਿਕਲਣਾ ਜ਼ਰੂਰੀ ਹੈ। ਇੱਕ ਵਾਰ ਜਦੋਂ ਇਸਨੇ ਬਾਹਰ ਨਿਕਲਣ ਲਈ ਰਾਹ ਬਣਾ ਲਿਆ ਰੋਸ਼ਨੀ ਦਾ ਇੱਕ ਨਵਾਂ ਮੌਸਮ ਆ ਜਾਵੇਗਾ।

ਸਾਡੇ ਸਾਰਿਆਂ ਲਈ ਅੰਮ੍ਰਿਤ ਵੇਲਾ ਆਵੇ। ਕਿਉਂਕਿ ਪ੍ਰਮੇਸ਼ਵਰ ਅੰਮ੍ਰਿਤ ਵੇਲੇ ਸਾਡੀ ਮਦਦ ਕਰੇਗਾ। ਤੁਸੀਂ ਡੋਲੋਗੇ ਨਹੀਂ, ਪ੍ਰਮੇਸ਼ਵਰ ਕੇਂਦਰ ਵਿੱਚ ਹੈ। ਇਸੇ ਭਰੋਸੇ ਨਾਲ, ਆਓ ਅਸੀਂ ਅੱਗੇ ਵਧੀਏ!

************


**ST. PAUL'S MATRICULATION SCHOOL,**
**Medavakkam, Chennai - 100. (Christian Management)**

1. **English Teachers** for K.G., Primary, Middle & Secondary School
2. **Hindi Teachers** for Primary & Higher Classes
3. Physical Education Teacher
4. Security & House Keeping Staff

Free Accommodation available.

Also Office Staff (with Computer Knowledge) for our Head Office at Chepauk, Chennai – 5.

Apply to : **sam@echoofhiscall.org**
Phone No: **+91 97908 05460, 044-2852 8282**

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23

## ਇਸ਼ਤਿਹਾਰ

### ਬੁਲਾਵੇ ਦੀ ਗੂੰਜ ਯੂ-ਟਿਊਬ

ਜਦੋਂ ਵੀ ਤੁਹਾਡੇ ਕੋਲ ਸਮਾਂ ਹੋਵੇ ਕਿਰਪਾ ਕਰਕੇ ਸਾਡੇ ਯੂ-ਟਿਊਬ ਚੈਨਲ ਨੂੰ ਵੇਖੋ ਅਰ ਸਬਸਕ੍ਰਾਈਬ ਕਰੋ। ਧੰਨਵਾਦ

– ਸੰਪਾਦਕ

## OUR BANK DETAILS:

### *1. Bank : State Bank of India*

Branch : **Triplicane, Chennai-5**
Name : **S. Sam Selva Raj**
A/C No. : **1023 2934 679**
IFSC : **SBIN 00 00 249**
SWIFT CODE : **SBI NIN BB 455**

### *2. Bank : ICICI Bank*

Branch : **Anna Salai, Chennai-6**
Name : **Echo of His Call**
A/C No. : **6038 0502 2319**
IFSC : **ICIC 000 6038**

### *3. Bank : State Bank of India*

**(This Account is for Tax Exemption for Indians only )**

Branch : **Triplicane, Chennai-5**
Name : **Echo of His Call Educational Trust**
A/C No. : **1023 2923 805**
IFSC : **SBIN 00 00 249**

**Google Pay: 98410 71858**
**PayPal : SAM SELVA RAJ**
*****
**E.mail : sam@echoofhiscall.org**

## ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੂਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

ਸਲਾਨਾ ਚੰਦਾ 100/- ਰੁ: ਜੀਵਨ ਭਰ ਲਈ ਚੰਦਾ: 2000/- ਰੁ:

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਖੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

Our address :
**ECHO OF HIS CALL**
10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.com

**YOU CAN SEND YOUR DONATION ONLINE ALSO**

**RNI NO. 2000/1914**
**Postal Regn. No. TN/CH/(C)/192/21-23**
**WPP NO. TN/PMG(CCR) / WPP- 263/21-23**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel"**
**on 20th MAY, 2023**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**

***JESUS LOVES YOU!***

**To**

*GOD BLESS YOU!*

Owned and published by **S. Sam Selva Raj** from New No. 8 & 10, Old No.18 & 19, Mohammed Abdullah 2nd Street, Chepauk, Chennai-600 005 and printed by **S. Sam Selva Raj** at **Echo of His Call Printers**, New No. 8 & 10, Old No.18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**